World Punjabi News Network
WORLD PUNJABI ਪੰਜਾਬੀ | ਪੰਜਾਬੀ NEWS
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਪ੍ਰਧਾਨ ਮੰਤਰੀ ਨੂੰ ਪੱਤਰ : ਸਰਕਾਰ ਕਿਸਾਨਾਂ ਨਾਲ ਗੱਲਬਾਤ ਮੁੜ ਸ਼ੁਰੂ ਕਰੇ

## 25 ਮਈ ਤੱਕ ਠੋਸ ਹੁੰਗਾਰਾ ਨਾ ਮਿਲਣ 'ਤੇ ਅਗਲੀ ਰਣਨੀਤੀ ਤੈਅ ਕਰੇਗਾ ਮੋਰਚਾ



**ਨਵੀਂ ਦਿੱਲੀ।** ਤਿੰਨਾਂ ਖੇਤੀ ਕਾਨੂੰਨਾਂ ਖ਼ਿਲਾਫ਼ ਅਤੇ ਹੋਰ ਮੰਗਾਂ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ 6 ਮਹੀਨੇ ਤੋਂ ਦਿੱਲੀ ਵਿਚ ਲਾਏ ਗਏ ਮੋਰਚਿਆਂ ਪ੍ਰਤੀ ਕੇਂਦਰ ਸਰਕਾਰ ਦੀ ਬੇਰੁਖ਼ੀ ਤੋੜਨ ਲਈ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਗਿਆ ਹੈ। ਇਸ ਪੱਤਰ ਵਿੱਚ ਮੋਰਚੇ ਨੇ ਕਿਸਾਨਾਂ ਨਾਲ ਮੁੜ ਗੱਲਬਾਤ ਸ਼ੁਰੂ ਕਰਨ ਦੀ ਬੇਨਤੀ ਕੀਤੀ ਹੈ ਤੇ ਅੰਦੋਲਨ ਦੇ 6 ਮਹੀਨੇ ਪੂਰੇ ਹੋਣ 'ਤੇ ਕਿਹਾ ਜੇਕਰ ਮੋਦੀ ਸਰਕਾਰ ਨੇ ਹੁੰਗਾਰਾ ਨਾ ਭਰਿਆ ਤਾਂ ਕਿਸਾਨਾਂ ਵੱਲੋਂ ਅੰਦੋਲਨ ਦੇ ਅਗਲੇ ਪੜਾਅ ਬਾਰੇ ਗੰਭੀਰਤਾ ਨਾਲ ਸੋਚਿਆ ਜਾਵੇਗਾ। ਪੱਤਰ ਵਿੱਚ ਕਿਸਾਨ ਆਗੂਆਂ ਨੇ ਲਿਖਿਆ, 'ਜੇਕਰ ਤੁਹਾਡੀ ਸਰਕਾਰ ਵੱਲੋਂ 25 ਮਈ ਤੱਕ ਕੋਈ ਠੋਸ ਤੇ ਸਕਾਰ-ਾਤਮਕ ਹੁੰਗਾਰਾ ਨਹੀਂ ਮਿਲਦਾ ਤਾਂ ਅਸੀਂ 26 ਮਈ ਨੂੰ ਕੌਮੀ ਪੱਧਰ ਦੇ ਵਿਰੋਧ ਪ੍ਰਦਰਸ਼ਨਾਂ ਨਾਲ ਅਗਲੇ ਪੜਾਅ ਬਾਰੇ ਐਲਾਨ ਕਰਨ ਦੇ ਪਾਬੰਦ ਹੋਵਾਂਗੇ।' ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਮੋਰਚਾ ਸਰਕਾਰ ਦਾ ਧਿਆਨ ਭਟਕਾਉਣਾ ਨਹੀਂ ਚਾਹੁੰਦਾ ਹਾਲਾਂਕਿ ਕਿਸਾਨ ਰੋਜ਼ਾਨਾ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਸਭ ਤੋਂ ਵਿਲੱਖਣ ਤੇ ਲੰਮੇ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਜਾਰੀ ਰੱਖਣ ਲਈ ਦ੍ਰਿੜ੍ਹ ਹਨ। ਮਹਾਮਾਰੀ 'ਚ ਖ਼ਤਰਨਾਕ ਵਾਧੇ ਦੇ ਬਾਵਜੂਦ ਅੰਨਦਾਤਾ ਸੜਕਾਂ 'ਤੇ ਰਹਿਣ ਲਈ ਮਜਬੂਰ ਹੈ। ਉਹ ਸੰਘਰਸ਼ ਨਹੀਂ ਛੱਡ ਸਕਦੇ ਕਿਉਂਕਿ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਜਿਊਣ-ਮਰਨ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ 470 ਸਾਥੀ ਕਿਸਾਨ ਗੁਆ ਚੁੱਕੇ ਹਨ। ਡਾ. ਦਰਸ਼ਨ ਪਾਲ ਨੇ ਕਿਹਾ ਕਿ ਕੇਂਦਰ ਸਰਕਾਰ 11 ਗੇੜਾਂ ਦੀ ਗੱਲਬਾਤ ਕਰਨ ਦੇ ਬਾਵਜੂਦ ਕਿਸਾਨਾਂ ਦੀਆਂ ਮੰਗਾਂ ਦਾ ਹੱਲ ਨਹੀਂ ਕੱਢ ਸਕੀ ਤੇ 22 ਜਨਵਰੀ 2021 ਮਗਰੋਂ ਗੱਲਬਾਤ ਦੇ ਦਰਵਾਜ਼ੇ ਵੀ ਬੰਦ ਕਰ ਦਿੱਤੇ। ਸੰਯੁਕਤ ਕਿਸਾਨ ਮੋਰਚੇ ਨੇ ਇਸ ਚਿੱਠੀ ਵਿੱਚ ਮੁੱਖ ਤੌਰ 'ਤੇ ਕਿਸਾਨੀ-ਅੰਦੋਲਨ ਉਤੇ ਸਰਕਾਰ ਦੇ ਰਵੱਈਏ ਦਾ ਜ਼ਿਕਰ ਕੀਤਾ ਹੈ। ਇਸ ਦੇ ਨਾਲ ਹੀ ਸਰਕਾਰ ਤੋਂ ਪੇਂਡੂ ਖੇਤਰ ਦੇ ਲੋਕਾਂ ਅਤੇ ਆਮ ਨਾਗਰਿਕਾਂ ਨੂੰ ਕਰੋਨਾ ਮਹਾਮਾਰੀ ਤੋਂ ਬਚਾਉਣ ਲਈ ਠੋਸ ਕਦਮ ਚੁੱਕਣ ਦੀ ਵੀ ਮੰਗ ਕੀਤੀ ਗਈ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦੇ ਮੱਦੇਨਜ਼ਰ ਸਰਕਾਰ ਨੂੰ ਸੰਜੀਦਗੀ ਦਿਖਾਉਣੀ ਚਾਹੀਦੀ ਹੈ ਤੇ ਕਿਸਾਨਾਂ ਦੀਆਂ ਮੰਗਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੁਆਰਾ ਸਿਰੇ ਤੋਂ ਨਕਾਰ ਦਿੱਤੇ ਗਏ ਕਾਨੂੰਨਾਂ ਨੂੰ ਲਾਗੂ ਕਰਨਾ ਦੇਸ਼ ਦੀਆਂ ਲੋਕਤੰਤਰੀ ਤੇ ਮਨੁੱਖੀ ਕਦਰਾਂ-ਕੀਮਤਾਂ ਦੇ ਖ਼ਿਲਾਫ਼ ਹੋਵੇਗਾ। ਸੰਯੁਕਤ ਕਿਸਾਨ ਮੋਰਚਾ ਸ਼ਾਂਤਮਈ ਅੰਦੋਲਨ ਵਿਚ ਵਿਸ਼ਵਾਸ ਰੱਖਦਾ ਹੈ ਤੇ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਜਾਰੀ ਰੱਖੇਗਾ। ਮੋਰਚੇ ਵੱਲੋਂ ਵਾਤਾਵਰਨ ਪ੍ਰੇਮੀ ਸੁੰਦਰ ਲਾਲ ਬਹੁਗੁਣਾ ਤੇ ਕਿਸਾਨ ਆਗੂ ਬਾਬਾ ਗੌੜਾ ਪਾਟਿਲ ਦੇ ਦੇਹਾਂਤ 'ਤੇ ਅਫ਼ਸੋਸ ਪ੍ਰਗਟ ਕੀਤਾ ਗਿਆ।

# ਟਿਕਰੀ ਹੱਦ 'ਤੇ ਮੀਂਹ ਤੇ ਤੂਫ਼ਾਨ ਨਾਲ ਕਿਸਾਨਾਂ ਦਾ ਨੁਕਸਾਨ


**ਨਵੀਂ ਦਿੱਲੀ ।** ਟਿਕਰੀ ਬਾਰਡਰ 'ਤੇ ਖੇਤੀ ਕਾਨੂੰਨਾਂ ਖ਼ਿਲਾਫ਼ ਅਤੇ ਹੋਰ ਮੰਗਾਂ ਦੇ ਹੱਕ 'ਚ ਲੱਗੇ ਕਿਸਾਨ ਮੋਰਚੇ ਨੂੰ ਮੀਂਹ ਅਤੇ ਤੂਫ਼ਾਨ ਨੇ ਕਾਫੀ ਨੁਕਸਾਨ ਪਹੁੰਚਾਇਆ ਹੈ। ਟਿਕਰੀ ਹੱਦ ਤੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜਸਵਿੰਦਰ ਸਿੰਘ ਸੋਮਾ, ਸ਼ਿੰਗਾਰਾ ਸਿੰਘ ਮਾਨ ਤੇ ਹਰਿੰਦਰ ਬਿੰਦੂ ਨੇ ਦੱਸਿਆ ਕਿ ਲਗਾਤਾਰ ਮੀਂਹ ਪੈਣ ਤੇ ਤੂਫ਼ਾਨ ਕਾਰਨ ਕਿਸਾਨਾਂ ਦੇ ਆਰਜ਼ੀ ਬਣਾਏ ਹੋਏ ਘਰ ਪੁੱਟੇ ਗਏ ਅਤੇ ਪੰਡਾਲ ਵਿੱਚ ਲੱਗਿਆ ਵੱਡਾ ਟੈਂਟ ਪਾਟ ਗਿਆ, ਜਿਸ ਕਿਸਾਨਾਂ ਦਾ ਕਾਫ਼ੀ ਨੁਕਸਾਨ ਹੋਇਆ ਹੈ। ਮੋਦੀ ਸਰਕਾਰ ਦੇ ਨਾਲ-ਨਾਲ ਕੁਦਰਤ ਵੀ ਮੁਜ਼ਾਹਰਾਕਾਰੀਆਂ ਦਾ ਸਬਰ ਪਰਖ ਰਹੀ ਹੈ। ਉਨ੍ਹਾਂ ਕਿਹਾ ਕਿ ਨੀਵੀਆਂ ਥਾਵਾਂ 'ਤੇ ਪਾਣੀ ਖੜ੍ਹਨ ਕਾਰਨ ਮੱਛਰ ਤੇ ਰੋਗ ਫੈਲਾਉਣ ਵਾਲੇ ਹੋਰ ਜੀਵ ਪੈਦਾ ਹੋਣ ਨਾਲ ਬਿਮਾਰੀਆਂ ਫ਼ੈਲਣ ਦਾ ਖ਼ਤਰਾ ਹੈ ਪਰ ਇਸ ਦੇ ਬਾਵਜੂਦ ਲੋਕਾਂ ਦੇ ਹੌਸਲੇ ਬੁਲੰਦ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਦਿੱਲੀ ਦੀਆਂ ਸਰਹੱਦਾਂ 'ਤੇ ਚੱਲ ਰਹੇ ਕਿਸਾਨ ਮੋਰਚੇ ਵਿੱਚ ਮੋਦੀ ਸਰਕਾਰ ਦੇ ਨਾਲ-ਨਾਲ ਕੁਦਰਤ ਵੀ ਮੀਂਹ ਅਤੇ ਤੂਫ਼ਾਨ ਰਾਹੀਂ ਕਿਸਾਨਾਂ, ਮਜ਼ਦੂਰਾਂ, ਔਰਤਾਂ ਤੇ ਕਿਰਤੀ ਲੋਕਾਂ ਦਾ ਸਬਰ ਪਰਖ ਰਹੀ ਹੈ। ਉਨ੍ਹਾਂ ਕਿਹਾ ਕਿ ਫ਼ਸਲਾਂ ਦੀ ਰਾਖੀ ਲਈ ਉਹ ਸਾਰਾ ਸਾਲ ਹਰ ਮੌਸਮ 'ਚ ਆਪਣੀ ਫਸਲ ਬਚਾਉਣ ਲਈ ਖੁੱਲ੍ਹੇ ਅਸਮਾਨ ਹੇਠ ਖੇਤਾਂ 'ਚ ਕੰਮ ਕਰਦੇ ਹਨ ਤੇ ਇਸ ਦੌਰਾਨ ਸੱਪਾਂ, ਖੇਤੀ ਮੋਟਰਾਂ ਤੇ ਮਸ਼ੀਨਰੀ ਦੀਆਂ ਦੁਰਘਟਨਾਵਾਂ ਆਦਿ ਦਾ ਸਾਹਮਣਾ ਕਰਦੇ ਹਨ। ਇਸ ਕਰਕੇ ਮੰਗਾਂ ਦੀ ਪੂਰਤੀ ਤੱਕ ਉਹ ਇੱਥੇ ਵੀ ਡਟੇ ਰਹਿਣਗੇ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਡੀਏਪੀ ਖਾਦ ਤੇ ਡੀਜ਼ਲ ਤੇ ਰੇਹ, ਸਪਰੇਅ,



ਮਸ਼ੀਨਰੀ, ਬੀਜ ਅਤੇ ਖੇਤੀ ਲਈ ਵਰਤੀਆਂ ਜਾਣ ਵਾਲੀਆਂ ਹੋਰ ਵਸਤਾਂ ਬਣਾਉਣ ਵਾਲੀਆਂ ਕੰਪਨੀਆਂ ਦੇ ਮੁਨਾਫ਼ਿਆਂ ਵਿੱਚ ਕੱਟ ਲਾ ਕੇ ਖੇਤੀ ਲਾਗਤ ਖ਼ਰਚੇ ਘੱਟ ਕੀਤੇ ਜਾਣ ਤੋਂ ਇਲਾਵਾ ਖੇਤੀ ਲਾਗਤ ਵਾਲੀਆਂ ਵਸਤਾਂ ਨੂੰ ਟੈਕਸ ਰਹਿਤ ਕਰ ਕੇ ਸਬਸਿਡੀਆਂ ਵਿੱਚ ਵਾਧਾ ਕੀਤਾ ਜਾਵੇ।

# ਰਾਕੇਸ਼ ਟਿਕੈਤ ਨੂੰ ਫਿਰ ਮਿਲੀ ਜਾਨ ਤੋਂ ਮਾਰਨ ਦੀ ਧਮਕੀ

**ਨਵੀਂ ਦਿੱਲੀ।** ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੂੰ ਮੋਬਾਈਲ ਫੋਨ ਰਾਹੀਂ ਜਾਨ ਤੋਂ ਮਾਰਨ ਦੀ ਧਮਕੀ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਤੋਂ ਪਹਿਲਾਂ ਵੀ ਬੀਕੇਯੂ ਨੇਤਾ ਰਾਕੇਸ਼ ਟਿਕੈਤ ਨੂੰ ਕਈ ਵਾਰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਜਾ ਚੁੱਕੀ ਹੈ। ਇਸ ਸਬੰਧੀ ਗਾਜ਼ੀਆਬਾਦ ਪੁਲੀਸ ਕੋਲ ਕੇਸ ਦਰਜ ਹੈ। ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਨੂੰ ਮੋਬਾਈਲ ਫੋਨ 'ਤੇ ਧਮਕੀਆਂ ਮਿਲੀਆਂ ਹਨ। ਚਾਰ ਮੋਬਾਈਲ ਨੰਬਰਾਂ ਅਤੇ ਵਟਸਐਪ 'ਤੇ ਅਸ਼ਲੀਲ ਮੈਸੇਜ ਭੇਜੇ ਜਾ ਰਹੇ ਹਨ। ਇਸ ਨਾਲ ਟਿਕੈਤ ਤੋਂ 11 ਹਜ਼ਾਰ ਰੁਪਏ ਵੀ ਮੰਗੇ ਜਾ ਰਹੇ ਹਨ। ਭਾਰਤੀ ਕਿਸਾਨ ਯੂਨੀਅਨ ਦੇ ਸੰਗਠਨ ਜ਼ਿਲ੍ਹਾ ਇੰਚਾਰਜ ਜੈ ਕੁਮਾਰ ਵੱਲੋਂ ਰਾਕੇਸ਼ ਟਿਕੈਤ ਨੂੰ ਦਿੱਤੀ ਜਾ ਰਹੀ ਧਮਕੀ ਬਾਰੇ ਗਾਜ਼ੀਆਬਾਦ ਦੇ ਕੌਸ਼ਾਂਬੀ ਥਾਣੇ ਵਿੱਚ ਸ਼ਿਕਾਇਤ ਦਿੱਤੀ ਗਈ ਹੈ। ਗਾਜ਼ੀਆਬਾਦ ਦੇ ਐੱਸ.ਪੀ. (ਸਿਟੀ) ਗਿਆਨੇਂਦਰ ਸਿੰਘ ਨੇ ਦੱਸਿਆ ਕਿ ਇੱਕ ਰਿਪੋਰਟ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ 'ਤੇ ਨਿਗਰਾਨ ਟੀਮ ਵੀ ਆਪਣਾ ਕੰਮ ਕਰ ਰਹੀ ਹੈ। ਇਸ ਤੋਂ ਪਹਿਲਾਂ ਕਿਸਾਨ ਆਗੂ ਰਾਕੇਸ਼ ਟਿਕੈਤ ਨੂੰ ਦੋ ਵਾਰ ਫੋਨ 'ਤੇ ਧਮਕੀਆਂ ਮਿਲੀਆਂ ਹਨ। ਪਹਿਲੀ ਵਾਰ ਧਮਕੀ ਦੇਣ ਵਾਲੇ ਨੂੰ ਬਿਹਾਰ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਜਦੋਂ ਕਿ ਦੂਜੀ ਵਾਰ ਧਮਕੀ ਦੇਣ ਵਾਲਾ ਅਜੇ ਵੀ ਪੁਲੀਸ ਦੀ ਪਕੜ ਤੋਂ ਦੂਰ ਹੈ। ਇਹ ਤੀਸਰਾ ਮਾਮਲਾ ਹੈ ਜਦੋਂ ਰਾਕੇਸ਼ ਟਿਕੈਤ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ।



OUR PARTNERS IN PROMOTION
WORLD PUNJABI NEWS NETWORK

whitecloud.in WHITECLOUD INTERNATIONAL
WEB PRESENCE PROVIDER

SmartBrainz EXPLORE. CHOOSE. BUY.
TECHNOLOGY PROVIDER

WORLD PUNJABI NEWS NETWORK
NEWS & MEDIA PARTNER

ADVERTISE WITH US
+91 98155 88388
worldpunjabinews@gmail.com

# 'ਰੋਲਟ ਐਕਟ' ਵਾਂਗ ਖੇਤੀਬਾੜੀ ਕਾਨੂੰਨ ਕਿਸਾਨਾਂ 'ਤੇ ਜ਼ਬਰਦਸਤੀ ਮੜ੍ਹ ਦਿੱਤੇ ਗਏ



ਭਾਰਤ ਦੀ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਅਤੇ ਕਿਸਾਨਾਂ 'ਚ ਅੜਿੱਕਾ ਦੂਰ ਕਰਨ ਲਈ ਖੇਤੀਬਾੜੀ ਕਾਨੂੰਨਾਂ ਦੇ ਅਮਲ 'ਤੇ ਰੋਕ ਲਾ ਕੇ ਤਣਾਅ ਨੂੰ ਕੁਝ ਘਟਾਉਣ ਦੀ ਕੋਸ਼ਿਸ਼ ਕੀਤੀ ਅਤੇ ਕਿਸਾਨਾਂ ਦੀ ਸਮੱਸਿਆ ਦੇ ਹੱਲ ਲਈ ਚਾਰ ਮੈਂਬਰੀ ਕਮੇਟੀ ਬਣਾਈ ਹੈ। ਇਸ 'ਚ ਵੱਖ-ਵੱਖ ਖੇਤਰਾਂ ਨਾਲ ਸਬੰਧਤ ਪ੍ਰਸਿੱਧ ਵਿਅਕਤੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਖੇਤੀਬਾੜੀ ਅਰਥਸ਼ਾਸਤਰੀ ਅਸ਼ੋਕ ਗੁਲਾਟੀ, ਡਾ. ਪ੍ਰਮੋਦ ਜੋਸ਼ੀ, ਕਿਸਾਨ ਨੇਤਾ ਭੁਪਿੰਦਰ ਸਿੰਘ ਮਾਨ ਅਤੇ ਅਤੇ ਸ਼ੇਤਕਾਰੀ ਸੰਗਠਨ ਦੇ ਅਨਿਲ ਧਨਵੰਤ ਨੂੰ ਸ਼ਾਮਲ ਕੀਤਾ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਕਮੇਟੀ 'ਚ ਸ਼ਾਮਲ ਸਾਰੇ ਮੈਂਬਰ ਪਹਿਲਾਂ ਹੀ ਖੇਤੀ ਕਾਨੂੰਨਾਂ ਦੇ ਸਮਰਥਨ 'ਚ ਆਪਣੀ ਰਾਏ ਦੇ ਚੁੱਕੇ ਹਨ। ਇੱਕ ਮੈਂਬਰ ਭੁਪਿੰਦਰ ਸਿੰਘ ਮਾਨ ਨੇ ਕਿਸਾਨਾਂ ਦੇ ਦਬਾਅ ਹੇਠ ਆ ਕੇ ਕਮੇਟੀ ਤੋਂ ਅਸਤੀਫਾ ਦੇ ਦਿੱਤਾ ਅਤੇ ਉਹ ਕਿਸਾਨਾਂ ਦੀਆਂ ਮੰਗਾਂ ਦੇ ਸਮਰਥਨ 'ਚ ਉਨ੍ਹਾਂ ਨਾਲ ਖੜ੍ਹੇ ਹੋ ਗਏ ਹਨ। ਕਿਸਾਨ ਨੇਤਾਵਾਂ ਦਾ ਕਹਿਣਾ ਹੈ ਕਿ ਜਦੋਂ ਇਹ ਮੈਂਬਰ ਪਹਿਲਾਂ ਹੀ ਖੇਤੀਬਾੜੀ ਕਾਨੂੰਨਾਂ ਦੇ ਹੱਕ ਵਿੱਚ ਖੁੱਲ੍ਹ ਕੇ ਸਮਰਥਨ ਕਰ ਚੁੱਕੇ ਹਨ ਤਾਂ ਕਿਸਾਨਾਂ ਦੀਆਂ ਜਾਇਜ਼, ਉਚਿਤ ਅਤੇ ਹੱਕੀ ਮੰਗਾਂ ਦੇ ਸਮਰਥਨ 'ਚ ਕਿਵੇਂ ਖੜ੍ਹੇ ਹੋਣਗੇ, ਇਸ ਲਈ ਕਿਸਾਨ ਨੇਤਾਵਾਂ ਨੇ ਫੈਸਲਾ ਲਿਆ ਹੈ ਕਿ ਉਹ ਸੀਤ ਲਹਿਰ ਵਿੱਚ ਵੀ ਆਪਣਾ ਅੰਦੋਲਨ ਉਦੋਂ ਤੱਕ ਜਾਰੀ ਰੱਖਣਗੇ, ਜਦੋਂ ਤੱਕ ਸਰਕਾਰ ਇਨ੍ਹਾਂ ਕਾਨੂੰਨਾਂ ਨੂੰ ਰੱਦ ਨਹੀਂ ਕਰਦੀ।

ਸੁਪਰੀਮ ਕੋਰਟ ਕਈ ਵਾਰ ਅਖ਼ਬਾਰਾਂ 'ਚ ਛਪੀਆਂ ਖਬਰਾਂ ਲੈ ਕੇ ਸਬੰਧਤ ਪਾਰਟੀਆਂ ਨੂੰ ਸੰਮਨ ਜਾਰੀ ਕਰ ਦਿੰਦੀ ਹੈ, ਪਰ ਕਿਸਾਨ ਪਿਛਲੇ 125 ਦਿਨਾਂ ਤੋਂ ਆਪੋ ਆਪਣੇ ਰਾਜ ਵਿੱਚ ਅਤੇ ਪਿਛਲੇ 50 ਦਿਨਾਂ ਤੋਂ ਸਰਦ ਮੌਸਮ 'ਚ ਦਿੱਲੀ ਦੀਆਂ ਠੰਢੀਆਂ ਸੜਕਾਂ 'ਤੇ ਸਰੀਰ ਜਮਾ ਦੇਣ ਵਾਲੀ ਸਰਦੀ 'ਚ ਖੁੱਲ੍ਹੇ ਆਸਮਾਨ ਹੇਠ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਰੋਸ ਵਿਖਾਵਾ ਕਰ ਰਹੇ ਹਨ, ਜਿਨ੍ਹਾਂ ਵਿੱਚ 9 ਸਾਲ ਦੇ ਬੱਚਿਆਂ ਤੋਂ ਲੈ ਕੇ 90 ਸਾਲ ਦੇ ਬਜ਼ੁਰਗ ਅਤੇ ਔਰਤਾਂ ਤੱਕ ਸ਼ਾਮਲ ਹਨ। ਸੁਪਰੀਮ ਕੋਰਟ ਨੇ ਕਈ ਮਹੀਨਿਆਂ ਦੇ ਬਾਅਦ ਇਸ 'ਤੇ ਵਿਚਾਰ ਸ਼ੁਰੂ ਕੀਤਾ ਹੈ ਜੋ ਹਕੀਕਤ ਵਿੱਚ ਬੜਾ ਚਿੰਤਾ ਦਾ ਵਿਸ਼ਾ ਹੈ। ਨਿਆਂਪਾਲਿਕਾ ਦੀ ਨਿਆਂ ਪ੍ਰਕਿਰਿਆ ਬੜੀ ਮੱਠੀ, ਬੇਹੱਦ ਖਰਚੀਲੀ ਤੇ ਪੂਰੀ ਤਰ੍ਹਾਂ ਥਕਾ ਦੇਣ ਵਾਲੀ ਹੈ। ਦੇਸ਼ 'ਚ ਇਨਸਾਫ ਲੈਣਾ ਅਸੰਭਵ ਤਾਂ ਨਹੀਂ, ਪਰ ਔਖਾ ਜ਼ਰੂਰ ਹੈ। ਕੇਂਦਰ ਸਰਕਾਰ ਦੇ ਖੇਤੀਬਾੜੀ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਖਾਮੀਆਂ ਭਰੀ ਹੈ। ਕਾਨੂੰਨਾਂ ਦੀਆਂ ਕਮੀਆਂ ਅਤੇ ਕਮਜ਼ੋਰੀਆਂ ਕਿਸਾਨਾਂ ਨੂੰ ਹੀ ਨਹੀਂ, ਆਮ ਭਾਰਤੀਆਂ ਨੂੰ ਵੀ ਪ੍ਰੇਸ਼ਾਨ ਕਰ ਰਹੀਆਂ ਹਨ। ਇਸ 'ਤੇ ਨਜ਼ਰਸਾਨੀ ਕਰਨ ਨਾਲ ਹਕੀਕਤ ਦੀ ਜਾਣਕਾਰੀ ਹਾਸਲ ਹੋ ਸਕੇਗੀ।

ਸਭ ਤੋਂ ਪਹਿਲਾਂ ਮੌਜੂਦਾ ਖੇਤੀਬਾੜੀ ਕਾਨੂੰਨ ਨਾ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਬਣਾਏ ਗਏ ਅਤੇ ਨਾ ਕਿਸਾਨਾਂ ਦੀ ਇਨ੍ਹਾਂ ਦੇ ਸਬੰਧ 'ਚ ਕੋਈ ਕੋਈ ਮੰਗ ਸੀ। ਸਮੁੱਚੇ ਦੇਸ਼ 'ਚ ਕਸ਼ਮੀਰ ਤੋਂ ਤਾਮਿਲਨਾਡੂ ਅਤੇ ਕੇਰਲ ਤੱਕ ਕਿਸਾਨ ਘੱਟੋ-ਘੱਟ ਸਮਰਥਨ ਮੁੱਲ ਦੀ ਮੰਗ ਕਰਦੇ ਹਨ ਤਾਂ ਕਿ ਉਨ੍ਹਾਂ ਦੀ ਮਿਹਨਤ ਮੁਤਾਬਕ ਉਨ੍ਹਾਂ ਨੂੰ ਫਸਲਾਂ ਦੀ ਕੀਮਤ ਮਿਲ ਸਕੇ ਅਤੇ ਉਹ ਚੰਗੀ ਜ਼ਿੰਦਗੀ ਗੁਜ਼ਾਰ ਸਕਣ। ਮੁੱਲ ਦਾ ਜ਼ਿਕਰ ਨਹੀਂ ਕੀਤਾ ਤੇ ਕਿਸਾਨਾਂ ਤੇ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਸਲਾਹ ਕੀਤੇ ਬਿਨਾਂ ਰੋਲਟ ਐਕਟ ਵਾਂਗ ਤਿੰਨ ਖੇਤੀਬਾੜੀ ਕਾਨੂੰਨ ਕਿਸਾਨਾਂ 'ਤੇ ਜ਼ਬਰਦਸਤੀ ਮੜ੍ਹ ਦਿੱਤੇ।

ਇਨ੍ਹਾਂ ਦੇ ਵਿਰੋਧ 'ਚ ਦੇਸ਼ ਦੇ ਕਿਸਾਨ ਪਹਿਲੀ ਵਾਰ ਇੱਕਜੁਟ ਹੋ ਕੇ ਇਨ੍ਹਾਂ ਨੂੰ ਰੱਦ ਕਰਵਾਉਣ ਲਈ ਦਿੱਲੀ 'ਚ ਇਕੱਠੇ ਹੋਏ ਹਨ। ਇਨ੍ਹਾਂ 'ਚ ਹਿੰਦੂ, ਮੁਸਲਿਮ, ਸਿੱਖ, ਈਸਾਈ ਅਤੇ ਸਾਰੇ ਸੂਬਿਆਂ ਦੇ ਕਿਸਾਨਾਂ ਦਾ ਯੋਗਦਾਨ ਹੈ। ਇਹੀ ਭਾਰਤ ਦੀ ਇਕਜੁਟਤਾ ਹੈ ਤੇ ਇਹੀ ਉਸ ਦੀ ਵਿਸ਼ਵ 'ਚ ਸਭ ਤੋਂ ਵੱਡੀ ਖਾਸੀਅਤ ਹੈ। ਇਨ੍ਹਾਂ 'ਚ ਨਾ ਕੋਈ ਅੱਤਵਾਦੀ ਹੈ, ਨਾ ਖਾਲਿਸਤਾਨੀ ਹੈ, ਨਾ ਵੱਖਵਾਦੀ ਹੈ, ਨਾ ਨਕਸਲਵਾਦੀ ਹੈ ਅਤੇ ਨਾ ਕੋਈ ਕਾਮਰੇਡ ਤੇ ਨਾ ਕੋਈ ਦੇਸ਼ ਵਿਰੋਧੀ ਹੈ ਸਗੋਂ ਇਹ ਸਾਰੇ ਆਪਣੀਆਂ ਉਚਿਤ ਮੰਗਾਂ ਨੂੰ ਲੈ ਕੇ ਰੋਸ ਵਿਖਾਵਾ ਕਰ ਰਹੇ ਹਨ।

ਭਾਰਤੀ ਸੰਵਿਧਾਨ ਅਨੁਸਾਰ ਖੇਤੀਬਾੜੀ ਸੂਬਾਈ ਸਰਕਾਰਾਂ ਦੇ ਘੇਰੇ 'ਚ ਆਉਂਦੀ ਹੈ। ਇਸ 'ਤੇ ਕਾਨੂੰਨ ਬਣਾਉਣ, ਸੋਧ ਕਰਨ ਜਾਂ ਹਟਾਉਣ ਦਾ ਮੁਕੰਮਲ ਅਧਿਕਾਰ ਸਿਰਫ ਅਤੇ ਸਿਰਫ ਸੂਬਾਈ ਸਰਕਾਰਾਂ ਦਾ ਹੈ, ਪਰ ਕੇਂਦਰ ਸਰਕਾਰ ਨੇ ਖੇਤੀਬਾੜੀ 'ਤੇ ਕਾਨੂੰਨ ਬਣਾ ਕੇ ਸੰਵਿਧਾਨ ਦੀ ਉਲੰਘਣਾ ਹੀ ਨਹੀਂ ਕੀਤੀ, ਭਾਰਤ ਦਾ ਫੈਡਰਲ ਢਾਂਚਾ ਵੀ ਕਮਜ਼ੋਰ ਕੀਤਾ ਹੈ ਕਿਉਂਕਿ ਖੇਤੀਬਾੜੀ ਕੇਂਦਰ ਦਾ ਸਬਜੈਕਟ ਨਹੀਂ ਹੈ। ਨਿਆਂਪਾਲਿਕਾ ਨੂੰ ਇਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

ਸਰਕਾਰ ਉਦੋਂ ਸਿਰਫ ਹਰਕਤ 'ਚ ਆਏਗੀ, ਜਦੋਂ ਦੂਸਰੇ ਦੇਸ਼ ਨਾਲ ਜੰਗ ਹੋਵੇ ਜਾਂ ਕਾਲ ਪਵੇ, ਕੋਈ ਆਫਤ ਆ ਜਾਵੇ ਜਾਂ ਇਨ੍ਹਾਂ ਵਸਤੂਆਂ ਦੀਆਂ ਕੀਮਤਾਂ ਆਸਮਾਨ ਛੂਹਣ ਲੱਗਣ ਅਤੇ ਲੋਕਾਂ 'ਚ ਪੂਰੀ ਤਰ੍ਹਾਂ ਹਾਹਾਕਾਰ ਮਚ ਜਾਵੇ। ਨਵੇਂ ਕਾਨੂੰਨ ਅਨੁਸਾਰ ਵਪਾਰੀਆਂ ਨੂੰ ਲੁੱਟ-ਖਸੁੱਟ ਦੀ ਖੁੱਲ੍ਹੀ ਛੁੱਟੀ ਮਿਲ ਜਾਵੇਗੀ। ਕਿਸਾਨ ਨੂੰ ਤਾਂ ਘੱਟ ਭਾਅ ਮਿਲੇਗਾ। ਵਪਾਰੀ ਮਾਲਮਾਲ ਹੋ ਜਾਵੇਗਾ। ਆਮ ਆਦਮੀ ਮਹਿੰਗਾਈ ਦੀ ਚੱਕੀ 'ਚ ਪੂਰੀ ਤਰ੍ਹਾਂ ਪਿੱਸ ਜਾਵੇਗਾ। ਇਹ ਆਮ ਲੋਕਾਂ ਦੀ ਜ਼ਿੰਦਗੀ 'ਚ ਬੜੀਆਂ ਔਕੜਾਂ ਪੈਦਾ ਕਰਨਗੇ। ਇਸ ਤੋਂ ਸਾਫ ਹੈ ਕਿ ਸਰਕਾਰ ਖੇਤੀਬਾੜੀ ਕਾਨੂੰਨਾਂ ਰਾਹੀਂ ਵੱਡੇ ਘਰਾਣਿਆਂ ਨੂੰ ਹੋਰ ਅਮੀਰ ਬਣਾਉਣਾ ਚਾਹੁੰਦੀ ਅਤੇ ਆਮ ਲੋਕਾਂ ਨੂੰ ਰਸਾਤਲ 'ਚ ਪਹੁੰਚਾਉਣਾ ਚਾਹੁੰਦੀ ਹੈ। ਇਸ ਲਈ ਕਿਸਾਨ ਅੰਦੋਲਨ ਕਰ ਰਹੇ ਹਨ ਤੇ ਸਾਰਾ ਭਾਰਤ ਉਨ੍ਹਾਂ ਨਾਲ ਚੱਟਾਨ ਵਾਂਗ ਖੜ੍ਹਾ ਹੈ। ਵਿਰੋਧੀ ਧਿਰ ਨੂੰ ਵੀ ਆਪਣੀ ਹਾਂ-ਪੱਖੀ ਭੂਮਿਕਾ ਨਿਭਾਉਣੀ ਚਾਹੀਦੀ ਹੈ ਜਿਵੇਂ ਪੰਜਾਬ 'ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖੁੱਲ੍ਹ ਕੇ ਕਿਸਾਨਾਂ ਦਾ ਸਮਰਥਨ ਕੀਤਾ ਹੈ।

ਸਰਕਾਰ ਕਿਸਾਨਾਂ ਦੇ ਮਸਲੇ ਹੱਲ ਕਰਨ ਦੀ ਥਾਂ ਨਿੱਤ ਨਵੇਂ ਅਜੀਬੋ-ਗਰੀਬ ਗੁੰਝਲਦਾਰ ਤੇ ਸਿਆਣਪਹੀਣੇ ਦੋਸ਼ ਲਾਉਣ 'ਚ ਲੱਗੀ ਹੋਈ ਹੈ। ਕੁਝ ਦਿਨ ਪਹਿਲਾਂ ਸਰਕਾਰ ਨੇ ਕਿਸਾਨ ਅੰਦੋਲਨ ਨਾਲ ਜੁੜੇ ਕੁਝ ਨੇਤਾਵਾਂ ਤੇ ਪੱਤਰਕਾਰਾਂ ਨੂੰ ਨੋਟਿਸ ਜਾਰੀ ਕੀਤਾ ਕਿ ਉਹ ਪਾਬੰਦੀਸ਼ੁਦਾ ਸੰਗਠਨ ਸਿੱਖਸ ਫਾਰ ਜਸਟਿਸ ਦੇ ਕੇਸ 'ਚ ਆਪਣੀ ਜਾਂਚ ਦੇ ਸਬੰਧ 'ਚ ਐਨ ਆਈ ਏ (ਰਾਸ਼ਟਰੀ ਜਾਂਚ ਪੜਤਾਲ ਏਜੰਸੀ) ਕੋਲ ਪੇਸ਼ ਹੋਣ ਅਤੇ ਉਨ੍ਹਾਂ 'ਤੇ ਇਹ ਦੋਸ਼ ਹੈ ਕਿ ਅੰਦੋਲਨ ਚਲਾਉਣ ਲਈ ਵਿਦੇਸ਼ਾਂ ਤੋਂ ਫੰਡਿੰਗ ਹਾਸਲ ਕਰ ਰਹੇ ਹਨ। ਹਕੀਕਤ 'ਚ ਪੰਜਾਬ ਤੋਂ ਲੱਖਾਂ ਨੌਜਵਾਨ ਕਾਰੋਬਾਰ ਦੀ ਭਾਲ 'ਚ ਅਮਰੀਕਾ, ਕੈਨੇਡਾ, ਜਰਮਨੀ, ਇੰਗਲੈਂਡ, ਫ੍ਰਾਂਸ, ਆਸਟ੍ਰੇਲੀਆ, ਨਿਊਜ਼ੀਲੈਂਡ, ਸਾਊਦੀ ਅਰਬ, ਯੂ ਏ ਈ ਤੇ ਕਈ ਅਫਰੀਕੀ ਦੇਸ਼ਾਂ 'ਚ ਸੈਟਲ ਹੋ ਗਏ ਹਨ। ਇਨ੍ਹਾਂ ਵਿੱਚ 99 ਫੀਸਦੀ ਕਿਸਾਨਾਂ ਦੇ ਬੱਚੇ ਹਨ ਜੋ ਪੰਜਾਬ 'ਚ ਅਤੇ ਹੋਰਨਾਂ ਸੂਬਿਆਂ 'ਚ ਆਪਣੇ ਪਰਵਾਰਾਂ ਦੇ ਪਾਲਣ-ਪੋਸ਼ਣ ਲਈ ਹਰ ਮਹੀਨੇ ਆਪਣੀ ਬੱਚਤ 'ਚੋਂ ਕੁਝ ਨਾ ਕੁਝ ਭੇਜਦੇ ਰਹਿੰਦੇ ਹਨ। ਜਿੱਥੋਂ ਤੱਕ ਸਿੱਖਸ ਜਸਟਿਸ ਦਾ ਸਵਾਲ ਹੈ, ਉਹ ਪਿਛਲੇ ਕਈ ਸਾਲਾਂ ਤੋਂ ਆਪਣੇ ਸਮਰਥਨ 'ਚ ਕੋਸ਼ਿਸ਼ ਕਰ ਰਹੇ ਹਨ, ਪਰ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਕਾਮਯਾਬੀ ਨਹੀਂ ਮਿਲੀ। ਇਹ ਉਂਗਲਾਂ 'ਤੇ ਗਿਣੇ ਜਾਣ ਵਾਲੇ ਲੋਕ ਹਨ ਜਿਨ੍ਹਾਂ ਦਾ ਭਾਰਤ ਨਾਲ ਕੋਈ ਲੈਣਾ-ਦੇਣਾ ਨਹੀਂ। ਜੇ ਸਰਕਾਰ ਨੂੰ ਇਨ੍ਹਾਂ ਲੋਕਾਂ 'ਤੇ ਸ਼ੱਕ ਸੀ ਤਾਂ ਪਹਿਲਾਂ ਇਨ੍ਹਾਂ 'ਤੇ ਸਖਤ ਕਾਰਵਾਈ ਕਿਉਂ ਨਹੀਂ ਕੀਤੀ ਗਈ? ਕਿਸਾਨਾਂ ਦੇ ਅੰਦੋਲਨ ਦਾ ਇਨ੍ਹਾਂ ਦੇ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਸਬੰਧ ਨਹੀਂ ਹੈ।

ਜਿੱਥੋਂ ਤੱਕ ਖਾਲਸਾ ਏਡ ਦਾ ਸਵਾਲ ਹੈ, ਇਹ ਬੜੀ ਵੱਕਾਰੀ ਕੌਮਾਂਤਰੀ ਸੰਸਥਾ ਹੈ, ਜਿਸ ਤੋਂ ਕੇਰਲ, ਗੁਜਰਾਤ, ਜੰਮੂ-ਕਸ਼ਮੀਰ, ਸੀਰੀਆ, ਇਰਾਕ, ਬੈਰੂਤ, ਇੰਡੋਨੇਸ਼ੀਆ, ਕਾਰਗੋ, ਇੰਗਲੈਂਡ ਅਤੇ ਕਈ ਹੋਰ ਦੇਸ਼ਾਂ 'ਚ ਰੋਜ਼ ਇੱਕ ਲੱਖ ਤੋਂ ਵੱਧ ਸ਼ਰਧਾਲੂ ਲੰਗਰ ਛਕਦੇ ਹਨ ਅਤੇ ਇਸ ਤਰ੍ਹਾਂ ਲੱਗਭਗ ਸਾਰੇ ਗੁਰਦੁਆਰਿਆਂ 'ਚ ਸਦੀਆਂ ਤੋਂ ਇਹ ਪ੍ਰੰਪਰਾ ਚਲੀ ਹੋਈ ਹੈ। ਇਸ ਦਾ ਵੀ ਕਿਸੇ ਰਾਸ਼ਟਰ ਵਿਰੋਧੀ ਸੰਸਥਾ ਨਾਲ ਕੋਈ ਲੈਣ-ਦੇਣ ਨਹੀਂ ਹੈ।

ਪੰਜਾਬ, ਹਰਿਆਣਾ ਅਤੇ ਹੋਰਨਾਂ ਰਾਜਾਂ ਦੇ ਕਿਸਾਨਾਂ ਨੂੰ ਡਰ ਹੈ ਕਿ ਐਮ ਐਸ ਪੀ ਖਤਮ ਹੋ ਗਈ ਤਾਂ ਉਨ੍ਹਾਂ ਨੂੰ ਵੀ ਬਹੁਤ ਘੱਟ ਕੀਮਤ 'ਤੇ ਕਣਕ ਅਤੇ ਝੋਨਾ ਵੇਚਣਾ ਪਵੇਗਾ, ਜਿਸ ਨਾਲ ਉਨ੍ਹਾਂ ਦੀ ਕਈ ਸਾਲਾਂ ਦੀ ਮਿਹਨਤ 'ਤੇ ਪਾਣੀ ਫਿਰ ਜਾਵੇਗਾ ਅਤੇ ਰੋਜ਼ੀ ਕਮਾਉਣੀ ਵੀ ਮੁਸ਼ਕਲ ਹੋ ਜਾਵੇਗੀ। ਇਹ ਪ੍ਰਣਾਲੀ ਅਮਰੀਕਾ ਅਤੇ ਯੂਰਪੀਨ ਦੇਸ਼ਾਂ 'ਚ ਬੁਰੀ ਤਰ੍ਹਾਂ ਅਸਫਲ ਹੋ ਚੁੱਕੀ ਹੈ ਤਾਂ ਫਿਰ ਇਸ ਨੂੰ ਭਾਰਤ 'ਚ ਲਾਗੂ ਕਰਨ ਨਾਲ ਕਿਸਾਨਾਂ ਅਤੇ ਲੋਕਾਂ ਨੂੰ ਕੀ ਫਾਇਦਾ ਹੋਵੇਗਾ?

ਬੇਸ਼ੱਕ ਸਰਕਾਰੀ ਏਜੰਸੀ ਐਨ ਆਈ ਏ ਨੂੰ ਜਾਂਚ ਕਰਨ ਦਾ ਪੂਰਾ ਅਧਿਕਾਰ ਹੈ ਤੇ ਕਿਸਾਨਾਂ ਨੂੰ ਖੁੱਲ੍ਹ ਕੇ ਆਪਣੀ ਰਾਏ ਉਨ੍ਹਾਂ ਸਾਹਮਣੇ ਪੇਸ਼ ਕਰਨੀ ਚਾਹੀਦੀ ਹੈ, ਜਾਂਚ ਏਜੰਸੀ ਜਾਂਚ ਤੱਕ ਸੀਮਤ ਰਹੇ, ਕਿਸਾਨਾਂ ਦੀ ਪ੍ਰੇਸ਼ਾਨੀ ਦਾ ਬੇਲੋੜਾ ਸਬੱਬ ਨਾ ਬਣੇ ਅਤੇ ਸਰਕਾਰ ਜੇ ਇਸੇ ਤਰ੍ਹਾਂ ਕੁੰਭਕਰਨੀ ਨੀਂਦ ਸੁੱਤੀ ਰਹੀ ਤਾਂ 26 ਜਨਵਰੀ ਨੂੰ ਟਕਰਾਅ ਹੋ ਸਕਦਾ ਹੈ। ਜੋ ਸਮੁੱਚੇ ਰਾਸ਼ਟਰ ਲਈ ਇੱਕ ਖਤਰੇ ਦੀ ਘੰਟੀ ਸਾਬਿਤ ਹੋਵੇਗਾ। ਕਿਸਾਨਾਂ ਦੀ ਉਪਜ ਮੰਗਾਂ ਨੂੰ ਸਨਮੁੱਖ ਰੱਖਦੇ ਹੋਏ ਸਰਕਾਰ ਨੂੰ ਬਿਨਾਂ ਦੇਰੀ ਕੀਤੇ ਸਮੱਸਿਆ ਦਾ ਹੱਲ ਕਰਨਾ ਚਾਹੀਦਾ ਹੈ।

**-ਪ੍ਰੋ. ਦਰਬਾਰੀ ਲਾਲ**

# ਨਿੱਜੀ ਜਾਣਕਾਰੀ ਦੀ ਸੁਰੱਖਿਆ ਲਈ ਖ਼ਤਰੇ ਦੀ ਘੰਟੀ



ਵ੍ਹੱਟਸਐਪ ਵਲੋਂ ਹਾਲ ਹੀ ਵਿਚ ਨਿੱਜੀ ਜਾਣਕਾਰੀ ਦੀ ਸੁਰੱਖਿਆ ਬਾਰੇ ਆਪਣੀ ਨੀਤੀ ( ) ਵਿਚ ਆਪਣੇ ਤੌਰ ਉੱਤੇ ਬਦਲਾਓ ਦੀ ਪੇਸ਼ਕਦਮੀ ਕਰ ਕੇ ਉਪਜੇ ਵਿਵਾਦ ਨੇ ਭਾਰਤੀ ਅਵਾਮ ਨੂੰ ਨੀਂਦ ਤੋਂ ਜਗਾਉਣ ਦਾ ਕੰਮ ਕੀਤਾ ਹੈ।

ਇਹ ਨੀਤੀ ਭਾਵੇਂ ਫ਼ਿਲਹਾਲ ਟਲ਼ ਗਈ ਹੈ ਪਰ ਵ੍ਹੱਟਸਐਪ ਨਿੱਜੀ ਜਾਣਕਾਰੀ ਦੀ ਸੁਰੱਖਿਆ ਬਾਰੇ ਆਪਣੀ ਨੀਤੀ ਨੂੰ ਲਾਗੂ ਕਰਨ, ਇਕਤਰਫ਼ਾ ਤੌਰ ਤੇ ਇਸ ਨੂੰ ਸੋਧਣ ਲਈ ਦ੍ਰਿੜ ਹੈ ਜਿਸ ਦਾ ਮਤਲਬ ਲੋਕਾਂ ਦਾ ਸੰਵੇਦਨਸ਼ੀਲ ਨਿੱਜੀ ਡੇਟਾ ਨਾ ਕੇਵਲ ਫੇਸਬੁੱਕ ਅਤੇ ਫੇਸਬੁੱਕ ਕੰਪਨੀ ਸਮੂਹ ਨਾਲ ਸਾਂਝਾ ਕਰਨਾ ਹੀ ਨਹੀਂ ਹੋਵੇਗਾ ਸਗੋਂ ਇਹ ਡੇਟਾ ਵੱਖੋ ਵੱਖਰੀਆਂ ਸਹਾਇਕ ਕਾਰੋਬਾਰੀ ਇਕਾਈਆਂ, ਤੀਜੀਆਂ ਧਿਰਾਂ ਅਤੇ ਸੇਵਾਕਾਰ ਕੰਪਨੀਆਂ ਨਾਲ ਵੀ ਸਾਂਝਾ ਕੀਤਾ ਜਾ ਸਕੇਗਾ। ਇਹ ਪ੍ਰਸਤਾਵਿਤ ਨੀਤੀ ਇਸ ਵੇਲੇ ਅਮਲ ਵਿਚ ਆ ਰਹੇ ਕਾਨੂੰਨ ਦੀ ਖ਼ਿਲਾਫ਼ਵਰਜ਼ੀ ਕਰਦੀ ਜਾਪਦੀ ਹੈ। ਬਹਰਹਾਲ, ਇਸ ਘਟਨਾ ਨੇ ਇਕ ਵਾਰ ਫਿਰ ਭਾਰਤੀ ਜਨਮਾਨਸ ਨੂੰ ਆਪਣੇ ਸਾਇਬਰ ਡੇਟਾ ਦੀ ਪ੍ਰਾਈਵੇਸੀ ਦੀ ਸਾਂਭ ਸੰਭਾਲ ਕਰਨ ਦੀ ਲੋੜ ਉਜਾਗਰ ਕੀਤੀ ਹੈ।

ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਅੱਜ ਦੇ ਯੁੱਗ ਵਿਚ ਡੇਟਾ ਤੇਲ ਜਿੰਨਾ ਹੀ ਬੇਸ਼ਕੀਮਤੀ ਬਣ ਗਿਆ ਹੈ। ਡੇਟਾ ਅਜਿਹੀ ਬੁਨਿਆਦ ਬਣ ਗਿਆ ਹੈ ਜਿਸ ਦੇ ਆਧਾਰ ਤੇ ਨਵਾਂ ਅਰਥਚਾਰਾ ਉਸਾਰਿਆ ਜਾਣਾ ਹੈ। ਲਿਹਾਜ਼ਾ, ਇਸ ਨਾਲ ਜੁੜੀ ਹਰ ਇਕ ਧਿਰ ਵਰਤੋਂਕਾਰਾਂ ਦੇ ਡੇਟਾ ਤੱਕ ਰਸਾਈ ਦੀ ਖਾਹਸ਼ਮੰਦ ਹੈ ਤਾਂ ਕਿ ਇਸ ਨੂੰ ਵਿੱਤੀ ਵਸਤ ਦਾ ਰੂਪ ਦਿੱਤਾ ਜਾ ਸਕੇ। ਇਸ ਪ੍ਰਸੰਗ ਤੋਂ ਭਾਰਤੀ ਮਾਰਕਿਟ ਵਧੇਰੇ ਜ਼ਰਖੇਜ਼ ਨਜ਼ਰ ਆਉਂਦੀ ਹੈ। ਅੱਜ ਭਾਰਤ ਦੀ ਆਬਾਦੀ ਵਧ ਰਹੀ ਹੈ ਜਿਸ ਕਰ ਕੇ ਇਸ ਦੇ ਡਿਜੀਟਲ ਵਰਤੋਂਕਾਰਾਂ ਦੀ ਸੰਖਿਆ ਵੀ ਛੜੱਪੇ ਮਾਰ ਕੇ ਵਧ ਰਹੀ ਹੈ। 2020 ਵਿਚ ਭਾਰਤ ਭਰ ਵਿਚ ਕਰੀਬ 70 ਕਰੋੜ ਇੰਟਰਨੈੱਟ ਵਰਤੋਂਕਾਰ ਮੌਜੂਦ ਸਨ। 2025 ਤੱਕ ਇਹ ਸੰਖਿਆ ਵਧ ਕੇ 97 ਕਰੋੜ 40 ਲੱਖ ਹੋ ਜਾਣ ਦਾ ਅਨੁਮਾਨ ਹੈ। ਦਰਅਸਲ, ਭਾਰਤ ਨੂੰ 2019 ਵਿਚ ਦੁਨੀਆ ਭਰ ਵਿਚ ਚੀਨ ਤੋਂ ਬਾਅਦ ਦੂਜੀ ਸਭ ਤੋਂ ਵੱਡੀ ਆਨਲਾਈਨ ਮਾਰਕਿਟ ਗਿਣਿਆ ਗਿਆ ਸੀ। ਸਾਰੇ ਡਿਜੀਟਲ ਵਰਤੋਂਕਾਰਾਂ ਨੂੰ ਇੰਟਰਨੈੱਟ ਨੇ ਬਦਲ ਕੇ ਆਲਮੀ ਲੇਖਕ, ਆਲਮੀ ਡੇਟਾ ਬਰਾਡਕਾਸਟਰ ਬਣਾ ਦਿੱਤਾ ਹੈ। ਲਿਹਾਜ਼ਾ, ਸਾਇਬਰ ਸਪੇਸ ਵਿਚ ਜਿਸ ਕਦਰ ਭਾਰਤੀਆਂ ਵਲੋਂ ਅਥਾਹ ਡੇਟਾ ਪੈਦਾ ਕੀਤਾ ਜਾ ਰਿਹਾ ਹੈ, ਉਸ ਤੋਂ ਭਾਰਤੀ ਡੇਟਾ ਯਕਦਮ ਆਲਮੀ ਪੱਧਰ ਦੀਆਂ ਡਿਜੀਟਲ ਧਿਰਾਂ ਦੀ ਨਜ਼ਰ ਵਿਚ ਆ ਗਿਆ ਹੈ। ਉਂਜ, ਫ਼ਿਲਹਾਲ ਭਾਰਤ ਵਿਚ ਸਾਇਬਰ ਡੇਟਾ ਪ੍ਰਾਈਵੇਸੀ ਦੀ ਸੁਰੱਖਿਆ ਦੇ ਮਤੱਲਕ ਖਲਾਅ ਬਣਿਆ ਹੋਇਆ ਹੈ।

ਭਾਰਤ ਵਿਚ ਖਾਸ ਤੌਰ ਤੇ ਪ੍ਰਾਈਵੇਸੀ ਲਈ ਕਾਨੂੰਨ ਨਹੀਂ ਹੈ। ਇਸ ਤੱਥ ਦੇ ਬਾਵਜੂਦ ਇਹ ਹਾਲਤ ਚੱਲ ਰਹੀ ਹੈ ਕਿ ਜਸਟਿਸ ਪੁੱਟਾਸਵਾਮੀ ਬਨਾਮ ਭਾਰਤ ਸਰਕਾਰ ਦੇ ਕੇਸ ਵਿਚ ਸੁਪਰੀਮ ਕੋਰਟ ਨੇ ਪਹਿਲਾਂ ਹੀ ਪ੍ਰਾਈਵੇਸੀ ਦੇ ਅਧਿਕਾਰ ਨੂੰ ਸੰਵਿਧਾਨ ਦੀ ਧਾਰਾ 21 ਤਹਿਤ ਬੁਨਿਆਦੀ ਅਧਿਕਾਰ ਵਜੋਂ ਪ੍ਰਵਾਨ ਕਰ ਲਿਆ ਹੈ ਪਰ ਪ੍ਰਾਈਵੇਸੀ ਦੀ ਰਾਖੀ ਲਈ ਕਿਸੇ ਸਿੱਧੇ ਕਾਨੂੰਨੀ ਉਪਬੰਧ ਦੀ ਅਣਹੋਂਦ ਵਿਚ ਇਸ ਮੰਤਵ ਲਈ ਹੋਰ ਕਾਨੂੰਨੀ ਵਿਵਸਥਾਵਾਂ ਤਲਾਸ਼ ਕਰਨੀਆਂ ਪੈਣਗੀਆਂ। ਭਾਰਤ ਕੋਲ ਇਲੈਕਟ੍ਰਾਨਿਕ ਰੂਪਾਂ ਦੀ ਖ਼ਾਤਰ ਮਾਤਰੀ ਕਾਨੂੰਨ ( ) ਦੇ ਤੌਰ ਤੇ ਸੂਚਨਾ ਤਕਨਾਲੋਜੀ ਐਕਟ-2000 ਮੌਜੂਦ ਹੈ। ਇਸ ਕਾਨੂੰਨ ਵਿਚ ਹਾਲਾਂਕਿ ਪ੍ਰਾਈਵੇਸੀ ਦੀ ਖਿਲਾਫ਼ਵਰਜ਼ੀ ਮਤੱਲਕ ਕੁਝ ਮੱਦਾਂ ਦਰਜ ਹਨ ਪਰ ਇਹ ਕੋਈ ਪ੍ਰਾਈਵੇਸੀ ਕੇਂਦਰਤ ਕਾਨੂੰਨ ਨਹੀਂ ਹੈ। ਮਿਸਾਲ ਦੇ ਤੌਰ ਤੇ ਇਸ ਦੀ ਧਾਰਾ 66ਈ ਜਿਸ ਤਹਿਤ ਜੇ ਕੋਈ ਜਾਣੇ ਅਣਜਾਣੇ ਕਿਸੇ ਵਿਅਕਤੀ ਜਾਂ ਨਿੱਜੀ ਖੇਤਰ ਦੀ ਉਸ ਦੀ ਮਰਜ਼ੀ ਤੋਂ ਬਗ਼ੈਰ ਤਸਵੀਰ ਖਿੱਚ ਕੇ ਕਿਸੇ ਨੂੰ ਭੇਜਦਾ ਹੈ ਤਾਂ ਇਹ ਉਸ ਵਿਅਕਤੀ ਦੀ ਪ੍ਰਾਈਵੇਸੀ ਦੀ ਉਲੰਘਣਾ ਗਿਣੀ ਜਾਂਦੀ ਹੈ। ਇਸ ਅਪਰਾਧ ਬਦਲੇ ਤਿੰਨ ਸਾਲ ਤੱਕ ਦੀ ਕੈਦ ਜਾਂ ਦੋ ਲੱਖ ਰੁਪਏ ਤੱਕ ਦਾ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਹੋ ਸਕਦੀਆਂ ਹਨ।

ਉਂਜ, ਇਹ ਕਾਨੂੰਨ ਖਾਸ ਤੌਰ ਤੇ ਡੇਟਾ ਪ੍ਰਾਈਵੇਸੀ ਦੇ ਮੁੱਦੇ ਨਾਲ ਨਹੀਂ ਨਜਿੱਠਦਾ। ਭਾਰਤ ਸਰਕਾਰ ਨੇ ਨਿੱਜੀ ਡੇਟਾ ਸੁਰੱਖਿਆ ਬਿੱਲ-2019 ਸੰਸਦ ਵਿਚ ਪੇਸ਼ ਕੀਤਾ ਸੀ ਜੋ ਸਾਂਝੀ ਸੰਸਦੀ ਕਮੇਟੀ ਕੋਲ ਭੇਜਿਆ ਗਿਆ ਸੀ। ਸੁਣਨ ਵਿਚ ਆਇਆ ਹੈ ਕਿ ਇਸ ਤੇ ਅਜੇ ਤੱਕ ਸੋਚ ਵਿਚਾਰ ਚੱਲ ਰਹੀ ਹੈ।

ਬਹੁਤ ਸਾਰੀਆਂ ਡਿਜੀਟਲ ਧਿਰਾਂ ਨੇ ਜਲਦੀ ਹੀ ਮਹਿਸੂਸ ਕਰ ਲਿਆ ਸੀ ਕਿ ਭਾਰਤ ਤਬਦੀਲੀ ਦੇ ਦੌਰ ਵਿਚੋਂ ਲੰਘ ਰਿਹਾ ਹੈ ਜਿੱਥੇ ਸਾਇਬਰ ਡੇਟਾ ਪ੍ਰਾਈਵੇਸੀ ਸੁਰੱਖਿਆ ਬਾਰੇ ਖਲਾਅ ਬਣਿਆ ਹੋਇਆ ਹੈ। ਸਿੱਟੇ ਵਜੋਂ ਸਾਰੀਆਂ ਧਿਰਾਂ ਇਸ ਨੀਤੀਗਤ ਖਲਾਅ ਦਾ ਲਾਹਾ ਲੈਣਾ ਚਾਹੁੰਦੀਆਂ ਹਨ ਅਤੇ ਭਾਰਤੀ ਨਾਗਰਿਕਾਂ ਦੇ ਡੇਟਾ ਤੱਕ ਰਸਾਈ ਦੀਆਂ ਵੱਖ ਵੱਖ ਕੋਸ਼ਿਸ਼ਾਂ ਹੋ ਰਹੀਆਂ ਹਨ ਤਾਂ ਇਸ ਦਾ ਵਿੱਤੀ ਮੁੱਲ ਵੱਟਿਆ ਜਾ ਸਕੇ। ਵ੍ਹੱਟਸਐਪ ਵਲੋਂ ਆਪਣੀ ਪ੍ਰਾਈਵੇਸੀ ਨੀਤੀ ਵਿਚ ਬਦਲਾਓ ਦੀ ਪੇਸ਼ਕਦਮੀ ਵੀ ਇਸੇ ਦਿਸ਼ਾ ਵੱਲ ਪੇਸ਼ਕਦਮੀ ਦਾ ਸੰਕੇਤ ਹੈ। ਸਾਫ਼ ਜ਼ਾਹਿਰ ਹੈ ਕਿ ਭਾਰਤੀ ਸਾਇਬਰ ਕਾਨੂੰਨ ਮੌਜੂਦਾ ਸਮਿਆਂ ਦੀ ਲੋੜ ਪੂਰੀ ਕਰਨ ਦੇ ਸਮੱਰਥ ਨਹੀਂ ਹੈ ਅਤੇ 2008 ਤੋਂ ਬਾਅਦ ਇਸ ਵਿਚ ਕੋਈ ਸੋਧ ਹੀ ਨਹੀਂ ਕੀਤੀ ਗਈ ਜਿਸ ਕਰ ਕੇ ਇਹ ਵੇਲਾ ਵਿਹਾਅ ਚੁੱਕਿਆ ਹੈ। ਵ੍ਹੱਟਸਐਪ ਜਿਹੇ ਸੇਵਾਵਾਂ ਦੇਣ ਵਾਲੇ ਵਿਚੋਲਿਆਂ ਦੀ ਹਾਲੀਆ ਪੇਸ਼ਕਦਮੀ ਨੇ ਇਹ ਦਰਸਾਇਆ ਹੈ ਕਿ ਸੂਚਨਾ ਤਕਨਾਲੋਜੀ ਐਕਟ ਵਿਚ ਫ਼ੌਰੀ ਸੋਧ ਕਰਨ ਦੀ ਲੋੜ ਹੈ।

ਇਸ ਤੋਂ ਵੀ ਅਗਾਂਹ ਵਿਚੋਲਿਆਂ ਦੀ ਜਵਾਬਦੇਹੀ ਬਾਰੇ ਭਾਰਤੀ ਕਾਨੂੰਨ ਨੂੰ ਵੀ ਵਧੇਰੇ ਸਖ਼ਤ ਬਣਾਉਣ ਦੀ ਲੋੜ ਹੈ। ਵਿਚੋਲਿਆਂ ਦੀ ਦੇਣਦਾਰੀ ਬਾਰੇ ਕਾਨੂੰਨੀ ਪਹੁੰਚ ਅਪਣਾਏ ਜਾਣ ਦੀ ਲੋੜ ਹੈ। ਇਸ ਮਾਮਲੇ ਵਿਚ ਭਾਰਤ ਅਮਰੀਕਾ ਤੋਂ ਸਬਕ ਲੈ ਸਕਦਾ ਹੈ ਜਿਸ ਨੇ ਸੰਚਾਰ ਕਾਨੂੰਨ ( ) ਦੀ ਧਾਰਾ 230 ਦੀ ਸਮੀਖਿਆ ਲੈਣ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਸਰਕਾਰ ਨੂੰ ਬੇਈਮਾਨ ਸੇਵਾਕਾਰ ਕੰਪਨੀਆਂ ਦੇ ਹੱਥੋਂ ਵਰਤੋਂਕਾਰਾਂ ਦੇ ਹਿੱਤਾਂ ਦੀ ਰਾਖੀ ਲਈ ਕਾਨੂੰਨੀ ਅਮਲ ਨੂੰ ਪੁਖ਼ਤਾ ਬਣਾਉਣ ਦੀ ਲੋੜ ਹੈ ਤੇ ਉਸ ਸੂਰਤ ਵਿਚ ਵਿਚੋਲੇ ਵੀ ਕਾਨੂੰਨੀ ਚੌਖਟੇ ਨੂੰ ਵਿਅਰਥ ਨਹੀਂ ਸਮਝਣਗੇ।

ਭਾਰਤ ਨੂੰ ਆਪਣੇ ਵਰਤੋਂਕਾਰਾਂ ਦੇ ਹਿੱਤਾਂ ਦੀ ਰਾਖੀ ਵਾਸਤੇ ਮਜ਼ਬੂਤ ਕਾਨੂੰਨੀ ਚੌਖਟਾ ਤਿਆਰ ਕਰਨ ਦੀ ਲੋੜ ਹੈ। ਇਸ ਦੇ ਨਾਲ ਹੀ ਸਰਕਾਰ ਨੂੰ ਤੇਜ਼ੀ ਨਾਲ ਕਦਮ ਚੁੱਕਣ ਅਤੇ ਆਈਟੀ ਐਕਟ ਦੀ ਧਾਰਾ 87 ਤਹਿਤ ਸਖ਼ਤ ਨੇਮ ਤੇ ਵਿਧੀਆਂ ਬਣਾਉਣ ਦੀ ਲੋੜ ਹੈ ਤਾਂ ਕਿ ਵੱਖ ਵੱਖ ਸੇਵਾਕਾਰ ਕੰਪਨੀਆਂ ਅਤੇ ਡੇਟਾ ਸੇਵਾਵਾ ਮੁਹੱਈਆ ਕਰਾਉਣ ਵਾਲੀਆਂ ਇਕਾਈਆਂ ਦੇ ਵਰਤੋਂਕਾਰਾਂ ਦੀ ਹਿਫ਼ਾਜ਼ਤ ਕੀਤੀ ਜਾ ਸਕੇ। ਪਰਸਨਲ ਡੇਟਾ ਪ੍ਰੋਟੈਕਸ਼ਨ ਬਿੱਲ-2019 ਦੀ ਅਜੇ ਤਾਈਂ ਉਡੀਕ ਕੀਤੀ ਜਾ ਰਹੀ ਹੈ ਅਤੇ ਇਸ ਤੋਂ ਆਸ ਕੀਤੀ ਜਾਂਦੀ ਹੈ ਕਿ ਇਹ ਬਿੱਲ ਸਾਇਬਰ ਡੇਟਾ ਦੇ ਉਤਪਾਦਕਾਂ, ਵਰਤੋਂਕਾਰਾਂ ਦੀਆਂ ਮੁਸ਼ਕਿਲਾਂ ਨੂੰ ਸੁਲਝਾਵੇਗਾ ਪਰ ਇਸ ਕਾਨੂੰਨ ਬਾਰੇ ਵਰਤੋਂਕਾਰਾਂ ਦੀ ਉਡੀਕ ਹੋਰ ਲੰਮੀ ਨਹੀਂ ਹੋਣੀ ਚਾਹੀਦੀ। ਇਹ ਗੱਲ ਜ਼ਰੂਰੀ ਹੈ ਕਿ ਉਹ ਇਸ ਬਾਰੇ ਨਿੱਠ ਕੇ ਵਿਚਾਰ ਚਰਚਾ ਕਰਨ ਅਤੇ ਉਨ੍ਹਾਂ ਦੇ ਡੇਟਾ ਅਤੇ ਵਿਅਕਤੀਗਤ ਪ੍ਰਾਈਵੇਸੀ ਦੀ ਰਾਖੀ ਲਈ ਜੋ ਕੁਝ ਵੀ ਕਰਨਾ ਬਣਦਾ ਹੈ, ਉਹ ਕੀਤਾ ਜਾਵੇ। ਸਾਨੂੰ ਇਹ ਤੱਥ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਕੋਵਿਡ-19 ਨੇ ਇਕ ਉਭਰ ਰਹੇ ਨਵੀਂ ਸਾਇਬਰ ਸੰਸਾਰ ਵਿਵਸਥਾ ਦਾ ਅਮਲ ਪਹਿਲਾਂ ਹੀ ਸ਼ੁਰੂ ਕਰ ਦਿੱਤਾ ਹੈ ਜਿਸ ਨੂੰ ਪਿਛਾਂਹ ਨਹੀਂ ਮੋੜਿਆ ਜਾ ਸਕਦਾ।

ਵ੍ਹੱਟਸਐਪ ਦੀ ਇਸ ਘਟਨਾ ਤੋਂ ਸਰਕਾਰ ਦੀ ਨੀਂਦ ਖੁੱਲ੍ਹਣੀ ਚਾਹੀਦੀ ਹੈ ਅਤੇ ਇਸ ਨੂੰ ਹਰਕਤ ਵਿਚ ਆਉਣਾ ਚਾਹੀਦਾ ਹੈ। ਰਾਸ਼ਟਰ ਦੇ ਤੌਰ ਤੇ ਭਾਰਤ ਨੂੰ ਇਹ ਮਹਿਸੂਸ ਕਰਨਾ ਪਵੇਗਾ ਕਿ ਇਸ ਦੇ ਸਾਇਬਰ ਪ੍ਰਭੂਤਾਪੂਰਨ ਹਿੱਤਾਂ ਦੀ ਸੁਰੱਖਿਆ ਦਾ ਮੁੱਦਾ ਸਿੱਧੇ ਤੌਰ ਤੇ ਡੇਟਾ ਅਤੇ ਲਗਾਤਾਰ ਵਧ ਫੁੱਲ ਰਹੀ ਭਾਰਤੀ ਡੇਟਾ ਪ੍ਰਭੂਤਾ ਦੀ ਸੁਰੱਖਿਆ ਨਾਲ ਜੁੜੀ ਹੋਈ ਹੈ। ਆਸ ਹੈ ਕਿ ਸਰਕਾਰ ਕਿ ਸਾਇਬਰ ਡੇਟਾ ਪ੍ਰਾਈਵੇਸੀ ਦੀ ਰਾਖੀ ਨਾਲ ਜੁੜੇ ਵੱਖ ਵੱਖ ਮੁੱਦਿਆਂ ਨਾਲ ਸਿੱਝਣ ਲਈ ਕਾਰਗਰ ਪ੍ਰਬੰਧ ਤਿਆਰ ਕਰ ਕੇ ਸਾਹਮਣੇ ਆਵੇਗੀ।

**ਪਵਨ ਦੁੱਗਲ**

***ਲੇਖਕ ਸਾਇਬਰ ਕਾਨੂੰਨ ਮਾਹਿਰ ਹੈ।**

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜ਼ਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# 15 ਪਰਿਵਾਰ ਆਪ ਚ ਸ਼ਾਮਿਲ



**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮੋੜਾ ਸਿੰਘ ਅਨਜਾਨ ਵਲੋਂ ਲੰਬੇ ਸਮੇਂ ਲੋਕਾਂ ਨਾਲ ਰਾਬਤਾ ਕੀਤਾ ਜਾ ਰਿਹਾ ਹੈ ਮੋੜਾ ਸਿੰਘ ਅਨਜਾਨ ਨੇ ਕਿਹਾ ਕਿ ਪੰਜਾਬ ਦੇ ਲੋਕ ਕਿਸੇ ਤੀਜੀ ਧਿਰ ਨੂੰ ਪੰਜਾਬ ਦੀ ਤਰੱਕੀ ਦੇ ਰੂਪ ਵਿਚ ਵੇਖ ਰਹੇ ਹਨ ਉਹਨਾਂ ਕਿਹਾ ਕਿ ਤੀਜੀ ਧਿਰ ਪੰਜਾਬ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਹੀ ਹੈ ਅਨਜਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਦਿੱਲੀ ਵਿਚ ਜੋ ਕੰਮ ਕੀਤਾ ਉਹਨਾ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਲੋਕ ਆਮ ਆਦਮੀ ਪਾਰਟੀ ਨੂੰ ਉਮੀਦ ਦੇ ਰੂਪ ਵਿੱਚ ਵੇਖ ਰਹੇ ਹਨ ਜਿਥੋਂ ਤੱਕ ਹਲਕਾ ਫਿਰੋਜ਼ਪੁਰ ਦਿਹਾਤੀ ਦੀ ਗੱਲ ਕਰੀਏ ਤਾਂ ਉਥੋਂ ਦੇ ਲੋਕ ਕਾਂਗਰਸ ਅਤੇ ਅਕਾਲੀ ਦਲ ਤੋਂ ਉਨਾਂ ਹੀ ਤੰਗ ਹਨ ਜਿਨ੍ਹਾਂ ਪੂਰੇ ਪੰਜਾਬ ਦੇ ਲੋਕ ਦਿਨ ਰਾਤ ਹਲਕਾ ਫਿਰੋਜ਼ਪੁਰ ਦਿਹਾਤੀ ਚ ਮਿਹਨਤ ਕਰ ਰਹੇ ਮੋੜਾ ਸਿੰਘ ਅਨਜਾਨ ਵਲੋਂ ਲੋਕਾਂ ਨੂੰ ਆਮ ਆਦਮੀ ਪਾਰਟੀ ਪ੍ਰਤੀ ਪ੍ਰੇਰਿਤ ਕੀਤਾ ਗਿਆ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਪਿੰਡ ਮੱਬੋ ਕੀ ਚੌਕੀ ਦੇ ਪੰਦਰਾਂ ਪਰਿਵਾਰ ਕਾਂਗਰਸ ਤੇ ਅਕਾਲੀ ਦਲ ਛੱਡ ਕੇ ਆਪ ਚ ਸ਼ਾਮਿਲ ਹੋਏ।

# ਆਮ ਆਦਮੀ ਦੇ ਸੀਨੀਅਰ ਆਗੂ ਆਸ਼ੂ ਬੰਗੜ ਵੱਲੋ ਵੰਡੇ ਗਏ ਫ੍ਰੀ ਆਕਸੀ ਮੀਟਰ

**ਮੋਗਾ (ਰਵਿੰਦਰ ਬੁੱਟਰ ਅਤੇ ਸਿਮਰਜੀਤ ਕੌਰ)** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਵਾਇਸ ਪ੍ਰਧਾਨ ਐ.ਸੀ ਫਿਰੋਜ਼ਪੁਰ ਦਿਹਾਤੀ ਨੇ ਇਸ ਭਿਆਨਕਰ ਬਿਮਾਰੀ ਕਰੋਨਾ ਦੇ ਚੱਲਦੇ ਗਰੀਬ ਮਰੀਜਾਂ ਨੂੰ ਔਕਸੀਮੀਟਰ ਵੰਡੇ ਤੇ ਕਰੋਨਾ ਤੇ ਜਿੱਤ ਪ੍ਰਾਪਤ ਕਰਨ ਲਈ ਓਹਨਾ ਨੂੰ ਪੂਰੀਆਂ ਸਾਂਵਧਾਨੀਆਂ ਵਰਤਣ ਨੂੰ ਵੀ ਕਿਹਾ। ਓਹਨਾ ਨੇ ਇਹ ਵੀ ਕਿਹਾ ਕੀ ਹੁਣ ਅਸੀਂ ਇਸ ਬਿਮਾਰੀ ਨੂੰ ਬੁਰੀ ਤਰਾ ਹਰਾ ਕੇ ਇਸ ਉਪਰ ਜਿੱਤ ਪ੍ਰਾਪਤ ਕਰਨੀ ਹੈ ਤੇ ਅਸੀਂ ਸਾਰੀਆ ਨੇ ਆਪਣੀ ਅਤੇ ਆਪਣੇ ਪਰਿਵਾਰ ਦੀ ਜਾਨ ਦੀ ਰੱਖਿਆ ਕਰਨੀ ਹੈ। ਉਹ ਵੀ ਤਾ ਹੋਵੇਗਾ ਜਦੋ ਅਸੀਂ ਸਰਕਾਰ ਵਲੋਂ ਦਿਤੀਆਂ ਸਾਵਧਾਨੀਆਂ ਵਰਤਾਗੇ ਫਿਰ ਹੀ ਅਸੀਂ ਜਿੱਤ ਸਕਾਂਗੇ ਇਸ ਵਿਚ ਸਾਨੂ ਸਾਰੀਆ ਨੂੰ ਪੂਰਾ ਸੇਯੋਗ ਦੇਣਾ ਪਵੇਗਾ ਇਸ



ਭਿਅੰਕਾਰ ਬਿਮਾਰੀ ਨੇ ਬਹੁਤ ਲੋਕਾਂ ਦੀ ਜਾਨ ਲਈ ਹੈ ਇਸ ਲਈ ਮੇਰੀ ਬੇਨਤੀ ਹੈ ਸਬ ਨੂੰ ਕੀ ਹਮੇਸ਼ਾ ਮਾਸਕ ਪਾਕੇ ਰੱਖੋ, ਕਿਸੇ ਵੀ ਨਵੇਂ ਵਿਅਕਤੀ ਨੂੰ ਨਾ ਮਿਲੋ ਹੱਥਾਂ ਨੂੰ ਸੇਨੇਟਾਈਈਜ਼ਰ ਨਾਲ ਸਾਫ ਕਰੋ, ਕਿਸੇ ਵੀ ਵਿਅਕਤੀ ਨਾਲ ਹੱਥ ਮਿਲਾਂਓਣ ਤੋਂ ਪ੍ਰਹੇਜ਼ ਕਰੋ, ਜੇ ਕੋਈ ਕੰਮ ਜਰੁਰੀ ਨੀ ਤਾ ਘਰੋਂ ਨਾ ਨਿਕਲੋ, ਹਰ ਇਕ ਵਿਅਕਤੀ ਤੋਂ ਦੂਰੀ ਬਣਾ ਕੇ ਰੱਖੋ ਜੇ ਆਪਾਂ ਸਬ ਨੇ ਇਹ ਗੱਲਾਂ ਦਾਂ ਧਿਆਨ ਰੱਖੀਏ ਤਾ ਇਹ ਬਿਮਾਰੀ ਸਾਡਾ ਕੁਜ ਨੀ ਕਰ ਸਕਦੀ ਇਸ ਲਈ ਮੇਰੀ ਸਬ ਨੂੰ ਬੇਨਤੀ ਹੈ ਕੀ ਇਹਨਾਂ ਗੱਲਾਂ ਦਾਂ ਪਾਲਣ ਕਰੋ ਤੇ ਇਸ ਭਿਅੰਕਾਰ ਬਿਮਾਰੀ ਤੋਂ ਆਪ ਨੂੰ ਤੇ ਆਪਣੇ ਪਰਿਵਾਰ ਨੂੰ ਬਚਾਈਏ।

# 26 ਮਈ ਨੂੰ ਮੋਦੀ ਦੇ ਪੁਤਲੇ ਫੂਕਣ ਅਤੇ ਕਾਲੇ ਝੰਡੇ ਲਹਿਰਾਉਣ ਦਾ ਕੀਤਾ ਗਿਆ ਐਲਾਨ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** 'ਫਾਸ਼ੀ ਹਮਲਿਆਂ ਵਿਰੋਧੀ ਫਰੰਟ' ਵਿੱਚ ਸ਼ਾਮਲ ਸਿਆਸੀ ਪਾਰਟੀਆਂ ਅਤੇ ਜਥੇਬੰਦੀਆਂ ਸੀ.ਪੀ.ਆਈ.,ਆਰ.ਐੱਮ.ਪੀ.ਆਈ.,ਸੀ.ਪੀ.ਆਈ.(ਐੱਮ.-ਐੱਲ.) ਨਿਊ ਡੈਮੋਕਰੇਸੀ,ਸੀ.ਪੀ.ਆਈ.(ਐੱਮ.-ਐੱਲ.) ਲਿਬਰੇਸ਼ਨ, ਇਨਕਲਾਬੀ ਕੇਂਦਰ ਪੰਜਾਬ, ਐੱਮ.ਸੀ.ਪੀ.ਆਈ.(ਯੂ) ਵੱਲੋਂ ਦੇਸ਼ ਭਗਤ ਯਾਦਗਰ ਹਾਲ ਜਲੰਧਰ ਵਿਖੇ ਇੱਕ ਪ੍ਰਭਾਵਸ਼ਾਲੀ ਸੂਬਾਈ ਕਨਵੈਨਸ਼ਨ ਸੱਦੀ ਗਈ। ਕਨਵੈਨਸ਼ਨ ਦੀ ਸਮਾਪਤੀ ਉਪਰੰਤ ਬੀ.ਐੱਮ.ਸੀ.ਚੌਂਕ ਤੱਕ ਮੁਜ਼ਾਹਰਾ ਕੀਤਾ ਗਿਆ।

ਇਸ ਮੌਕੇ ਹਾਜ਼ਰ ਪ੍ਰਤੀਨਿਧਾਂ ਵੱਲੋਂ ਸਰਵ ਸੰਮਤੀ ਨਾਲ ਪਾਸ ਕੀਤੇ ਮਤੇ ਰਾਹੀਂ ਦਿੱਲੀ ਦੀਆਂ ਜੂਹਾਂ ਉੱਤੇ ਜਾਰੀ, ਜਨ- ਅੰਦੋਲਨ ਬਣ ਚੁੱਕੇ ਦੇਸ਼ ਵਿਆਪੀ ਕਿਸਾਨ ਘੋਲ ਦੀ ਕਾਮਯਾਬੀ ਲਈ ਲੋਕ ਲਾਮਬੰਦੀ ਤੇਜ਼ ਕਰਨ ਦਾ ਨਿਰਣਾ ਲਿਆ ਗਿਆ। ਕਨਵੈਨਸ਼ਨ ਵਲੋਂ ਮੰਗ ਕੀਤੀ ਗਈ ਕਿ ਖੇਤੀ ਨਾਲ ਸਬੰਧਤ ਤਿੰਨ ਕਾਲੇ ਖੇਤੀ ਕਾਨੂੰਨ, ਕਿਰਤ ਕਨੂੰਨਾਂ ਦਾ ਖ਼ਾਤਮਾ ਕਰਦੇ ਕਿਰਤ ਕੋਡ ਤੇ ਬਿਜਲੀ ਸੋਧ ਬਿੱਲ- 2020 ਰੱਦ ਕੀਤੇ ਜਾਣ ਅਤੇ ਘੱਟੋ- ਘੱਟ ਸਮੱਰਥਨ ਮੁੱਲ ਉੱਤੇ ਸਾਰੀਆਂ ਫ਼ਸਲਾਂ ਦੀ ਖ਼ਰੀਦ ਦੀ ਕਾਨੂੰਨੀ ਗਾਰੰਟੀ ਕੀਤੀ ਜਾਵੇ। ਕਨਵੈਨਸ਼ਨ ਵਲੋਂ ਕਿਸਾਨ ਘੋਲ ਨੂੰ ਲੀਹੋਂ ਲਾਹੁਣ ਲਈ ਮੋਦੀ ਸਰਕਾਰ ਅਤੇ ਸੰਘ- ਭਾਜਪਾ ਵੱਲੋਂ ਕੀਤੀਆਂ ਜਾ ਰਹੀਆਂ ਫਿਰਕੂ-ਫੁੱਟਪਾਊ ਸਾਜ਼ਿਸ਼ਾਂ ਅਤੇ ਜਾਬਰ ਹਥਕੰਡਿਆਂ ਦਾ ਬੂਥਾੜ ਭੰਨਣ ਲਈ ਢੁੱਕਵੀਂ ਰਣਨੀਤੀ ਤਹਿਤ ਜਨਤਕ ਲਾਮਬੰਦੀ ਤੇਜ਼ ਕਰਨ ਦਾ ਫ਼ੈਸਲਾ ਕੀਤਾ ਗਿਆ। 'ਸੰਯੁਕਤ ਕਿਸਾਨ ਮੋਰਚੇ' ਦੇ ਸੱਦੇ ਤਹਿਤ 26 ਮਈ ਨੂੰ ਹਰ ਪਿੰਡ/ ਮੁਹੱਲੇ ਵਿੱਚ ਘਰਾਂ /ਵਾਹਨਾਂ ਤੇ ਕਾਲੇ ਝੰਡੇ ਬੰਨ ਕੇ ਮੋਦੀ ਦੇ ਪੁਤਲੇ ਫੂਕਣ ਦਾ ਫੈਸਲਾ ਵੀ ਕੀਤਾ ਗਿਆ।

ਇਸ ਮੌਕੇ ਆਗੂਆਂ ਨੇ ਕਿਹਾ ਕਿ ਕੋਰੋਨਾ ਮਹਾਮਾਰੀ ਨਾਲ ਨਜਿੱਠਣ ਪੱਖੋਂ ਮੋਦੀ ਅਤੇ ਸੂਬਾ ਸਰਕਾਰਾਂ ਦੀ ਮੁਜ਼ਰਮਾਨਾ ਪਹੁੰਚ ਸਦਕਾ ਲੋਕਾਂ ਨੂੰ ਕੋਈ ਰਾਹਤ ਤਾਂ ਕੀ ਮਿਲਣੀ ਸੀ, ਉਲਟਾ ਉਨ੍ਹਾਂ ਦੀਆਂ ਦੁਸ਼ਵਾਰੀਆਂ ਅਤੇ ਖੱਜਲ ਖੁਆਰੀ 'ਚ ਅੰਤਾਂ ਦਾ ਵਾਧਾ ਹੋ ਰਿਹਾ ਹੈ। ਲੋਕ ਦਵਾਈਆਂ, ਆਕਸੀਜਨ, ਵੈਂਟੀਲੇਟਰ ਆਦਿ ਦੀ ਅਣਹੋਂਦ 'ਚ ਮੌਤ ਦੇ ਮੂੰਹ ਜਾ ਰਹੇ ਹਨ। ਲੋਕਾਂ ਦੀਆਂ ਜ਼ਿੰਦਗੀਆਂ ਬਚਾਉਣ ਲਈ ਕਦਮ ਪੁੱਟਣ ਦੀ ਥਾਂ ਅੰਧ ਵਿਸਵਾਸ਼ੀ ਟੋਟਕੇ ਛੱਡੇ ਜਾ ਰਹੇ ਹਨ। ਬਜਟ ਵਿੱਚ ਰੱਖੀਆਂ ਰਕਮਾਂ ਅਤੇ ਪੀ.ਐੱਮ.ਕੇਅਰਜ਼ ਰਾਹੀਂ ਇਕੱਤਰ ਕੀਤਾ ਬੇਸ਼ੁਮਾਰ ਧਨ ਖ਼ਰਚੇ ਜਾਣ ਦਾ ਝਲਕਾਰਾ ਮਾਤਰ ਵੀ ਨਹੀਂ ਮਿਲਦਾ। ਸੰਸਾਰ ਭਰ ਵਿਚ ਭਾਰਤ ਦੀ ਖਿੱਲੀ ਉੱਡ ਰਹੀ ਹੈ। ਪਾਸ ਕੀਤੇ ਮਤੇ ਰਾਹੀਂ ਸਰਕਾਰਾਂ ਦੀ ਇਸ ਪਹੁੰਚ ਖ਼ਿਲਾਫ਼ ਲੋਕਾਂ ਨੂੰ ਜ਼ੋਰਦਾਰ ਸੰਘਰਸ਼ਾਂ ਦਾ ਸੱਦਾ ਦਿੱਤਾ ਗਿਆ। ਹਕੂਮਤੀ



ਥਾਪੜੇ ਨਾਲ ਨਿੱਤ ਵੱਧਦੀ ਮਹਿੰਗਾਈ ਅਤੇ ਕਾਲਾ ਬਾਜ਼ਾਰੀ ਫੌਰੀ ਰੋਕੇ ਜਾਣ ਦੀ ਮੰਗ ਕੀਤੀ ਗਈ। ਇਕ ਵੱਖਰੇ ਮਤੇ ਰਾਹੀ ਇਜ਼ਰਾਈਲੀ ਫੌਜਾਂ ਵੱਲੋਂ ਸਾਮਰਾਜੀ ਦੇਸ਼ਾਂ ਦੀ ਹਮਾਇਤ ਨਾਲ ਕੀਤੇ ਜਾ ਰਹੇ ਨਿਰਦੋਸ਼ ਫਲਸਤੀਨੀ ਨਾਗਰਿਕਾਂ ਦੇ ਕਤਲੇਆਮ ਖ਼ਿਲਾਫ਼ ਰੋਹਿਲੀ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ ਗਿਆ। ਕਨਵੈਨਸ਼ਨ ਦੀ ਪ੍ਰਧਾਨਗੀ ਸੀ.ਪੀ.ਆਈ. ਦੇ ਆਗੂ ਸਾਥੀ ਪ੍ਰਿਥੀਪਾਲ ਸਿੰਘ ਮਾੜੀਮੇਘਾ,ਆਰਐਮਪੀਆਈ ਦੇ ਰਤਨ ਸਿੰਘ ਰੰਧਾਵਾ, ਸੀ.ਪੀ.ਆਈ. (ਐੱਮ.ਐੱਲ) ਨਿਊ ਡੈਮੋਕਰੇਸੀ ਦੇ ਅਜਮੇਰ ਸਿੰਘ ਸਮਰਾ, ਸੀ.ਪੀ.ਆਈ.(ਐੱਮ. ਐੱਲ.(ਲਿਬਰੇਸ਼ਨ) ਦੇ ਰਾਜਵਿੰਦਰ ਸਿੰਘ ਰਾਣਾ,ਇਨਕਲਾਬੀ ਕੇਂਦਰ ਪੰਜਾਬ ਦੇ ਨਰਾਇਣ ਦੱਤ ਅਤੇ ਐਮਸੀਪੀਆਈ(ਯੂ)ਦੇ ਨਰੰਜਣ ਸਿੰਘ ਸਫੀਪੁਰ ਨੇ ਕੀਤੀ। ਇਸ ਮੌਕੇ ਸਰਵ ਸਾਥੀ ਬੰਤ ਬਰਾੜ, ਮੰਗਤ ਰਾਮ ਪਾਸਲਾ, ਪਰਗਟ ਸਿੰਘ ਜਾਮਾਰਾਏ, ਦਰਸ਼ਨ ਖਟਕੜ, ਗੁਰਮੀਤ ਸਿੰਘ ਬਖਤਪੁਰ, ਕੰਵਲਜੀਤ ਖੰਨਾ ਅਤੇ ਕਿਰਨਜੀਤ ਸਿੰਘ ਸੇਖੋਂ ਨੇ ਸੰਬੋਧਨ ਕੀਤਾ।

ਪ੍ਰਸਿੱਧ ਕਾਲਮਨਵੀਸ ਮੋਹਣ ਸਿੰਘ (ਡਾ) ਦੀ "ਪਿਛਲੇ ਦੋ ਦਹਾਕਿਆਂ ਦੇ ਅਹਿਮ ਕੌਮੀ, ਕੌਮਾਂਤਰੀ ਤੇ ਖੇਤਰੀ ਮਸਲਿਆਂ ਦਾ ਲੇਖਾ ਜੋਖਾ" ਨਾਂ ਦੀ 511 ਪੰਨਿਆਂ ਦੀ ਖੋਜ ਪੁਸਤਕ ਪ੍ਰਧਾਨਗੀ ਮੰਡਲ ਵੱਲੋਂ ਮੰਚ ਤੋਂ ਤਾੜੀਆਂ ਦੀ ਗੂੰਜ 'ਚ ਰਿਲੀਜ਼ ਕੀਤੀ ਗਈ।

# ਕਰਤਾਰਪੁਰ ਪੁਲਿਸ ਨੇ ਫਲੈਗ ਮਾਰਚ ਕੱਢ ਕੇ ਕੋਰੋਨਾ ਮਹਾਮਾਰੀ ਤੋ ਜਾਗਰੂਕ ਕੀਤਾ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਅੱਜ ਥਾਣਾ ਕਰਤਾਰਪੁਰ ਦੀ ਪੁਲੀਸ ਦੇ ਇਕ ਦਰਜਨ ਦੇ ਕਰੀਬ ਪੁਲਿਸ ਕਰਮਚਾਰੀਆਂ ਨੇ ਥਾਣਾ ਮੁਖੀ ਰਾਜੀਵ ਕੁਮਾਰ ਦੀ ਅਗਵਾਈ ਵਿਚ ਕਰਤਾਰਪੁਰ ਵਿਚ ਫਲੈਗ ਮਾਰਚ ਕੱਢ ਕੇ ਲੋਕਾਂ ਨੂੰ ਕੋਰੋਨਾ ਮਹਾਂਮਾਰੀ ਦੀ ਜਾਰੀ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ,ਕ ਇਸ ਦੌਰਾਨ ਪੰਜਾਬੀ ਗਾਇਕ ਦਲਵਿੰਦਰ ਦਿਆਲਪੁਰੀ ਮਾਈਕ ਦੁਆਰਾ ਲੋਕਾਂ ਨੂੰ ਕੋਵਿਡ-19 ਦੇ ਨਿਯਮਾਂ ਦੀ ਪਾਲਣਾ ਕਰਨ ਦੀ ਅਪੀਲ ਕਰ ਰਹੇ ਸੀ।ਫਲੈਗ ਮਾਰਚ ਦੇ ਦੌਰਾਨ ਰਾਸਤੇ ਵਿੱਚ ਜੇਕਰ ਕੋਈ ਵਿਅਕਤੀ ਬਿਨਾਂ ਮਾਸਕ ਦੇ ਘੁੰਮਦਾ ਫੜਿਆ ਜਾਂਦਾ ਸੀ ਤੇ ਉਸ ਦੇ ਮੂੰਹ ਤੇ ਮਾਸਕ ਲਗਾ ਕੇ ਆਖ਼ਰੀ ਚੇਤਾਵਨੀ ਦੇ ਕੇ ਉਸ ਨੂੰ ਨਿਯਮਾਂ ਦੀ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਗਏ । ਵਰਣਨਯੋਗ ਹੈ ਕਿ ਪੁਲਸ ਦੁਆਰਾ ਕਰਤਾਰਪੁਰ ਦੇ ਦੁਕਾਨਦਾਰਾਂ ਨੂੰ ਚਿਤਾਵਨੀ ਦਿੰਦਿਆਂ ਹੋਏ 3:00 ਵਜੇ ਤੱਕ ਦੁਕਾਨਾਂ ਬੰਦ ਕਰਨ ਦੇ ਨਿਰਦੇਸ਼ ਦਿੱਤੇ ਗਏ ਸੀ ਲੇਕਿਨ ਕੁਝ ਦਿਨ ਪਹਿਲਾਂ ਦੁਕਾਨਦਾਰ ਦੁਕਾਨਾਂ ਬੰਦ ਨਹੀਂ ਕਰਦੇ ਸੀ ਅਤੇ ਪ੍ਰਸ਼ਾਸਨ ਦੁਆਰਾ ਸਖ਼ਤੀ ਵਰਤਣ ਤੇ ਦੁਕਾਨਦਾਰਾਂ ਨੂੰ ਚਿਤਾਵਨੀ ਦੇਣ ਤੋਂ ਬਾਅਦ ਸ਼ਹਿਰ ਦੇ ਦੁਕਾਨਦਾਰ ਕੋਵਿਡ-19 ਦੇ ਜਾਰੀ ਨਿਯਮਾਂ ਦੀ ਪਾਲਣਾ ਕਰਦੇ ਹੋਏ ਦੁਕਾਨਦਾਰ 03:00 ਵਜੇ ਦੁਕਾਨਾਂ ਬੰਦ ਕਰ ਦਿੰਦੇ ਹਨ ।ਬਿਨਾਂ ਕੰਮ ਤੋਂ ਇਧਰ ਉਧਰ ਘੁੰਮਣ ਵਾਲੇ ਲੋਕ ਬਿਨਾਂ ਮਾਸਕ ਤੋਂ ਘੁੰਮਣ ਵਾਲੇ ਲੋਕ ਅਜੇ ਵੀ ਬਾਜ਼ ਨਹੀਂ ਆ ਰਹੇ ।

**ਕੀ ਕਹਿੰਦੇ ਨੇ ਥਾਣਾ ਪ੍ਰਭਾਰੀ ਇੰਸਪੈਕਟਰ ਰਾਜੀਵ ਕੁਮਾਰ**

ਅੱਜ ਥਾਣਾ ਪ੍ਰਭਾਰੀ ਰਾਜੀਵ ਕੁਮਾਰ ਨੇ ਫਲੈਗ ਮਾਰਚ ਕੱਢਦੇ ਹੋਏ ਕਰਤਾਰਪੁਰ ਦੇ ਲੋਕਾਂ ਨੂੰ ਕੋਵਿਡ-19 ਦੇ ਜਾਰੀ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਕੋਰੋਨਾ ਮਹਾਮਾਰੀ ਤੋਂ ਬਚਣ ਲਈ ਆਪਣੇ ਮੂੰਹ ਤੇ ਮਾਸਕ ਲਗਾ ਕੇ ਅਤੇ ਸ਼ਰੀਰਕ ਦੂਰੀ ਬਣਾ ਕੇ ਆਪਣੇ ਕੰਮ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਜੇਕਰ ਕੋਈ ਦੁਕਾਨਦਾਰ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਫੜਿਆ ਗਿਆ ਤਾਂ ਉਸ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



# ਵਿਧਾਇਕ ਚੋਧਰੀ ਸੁਰਿੰਦਰ ਸਿੰਘ ਨੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਬਲਿਦਾਨ ਦਿਵਸ ਮੋਕੇ ਸੈਨੀਟਾਈਜਰ ਤੇ ਮਾਸਕ ਵੰਡੇ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)**ਸਿਟੀ ਕਾਂਗਰਸ ਕਰਤਾਰ-ਪੁਰ ਵਲੋਂ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਰਾਜੀਵ ਗਾਂਧੀ ਦੇ ਬਲਿਦਾਨ ਦਿਵਸ ਮੋਕੇ ਉਹਨਾਂ ਦੀ ਤਸਵੀਰ ਤੇ ਫੁੱਲ ਮਾਲਾ ਪਾ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ।ਇਸ ਮੋਕੇ ਹਲਕਾ ਵਿਧਾਇਕ ਚੋਧਰੀ ਸੁਰਿੰਦਰ ਸਿੰਘ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਅਤੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਜੀ ਦੇ ਬਲਿਦਾਨ ਦਿਵਸ ਤੇ ਕੋਰੋਨਾਂ ਦੀ ਭਿਆਨਕ ਮਹਾਂਮਾਰੀ ਨੂੰ ਦੇਖਦੇ ਹੋਏ ਕਰਤਾਰਪੁਰ ਵਿਖੇ ਬੱਸ ਸਟੈਂਡ ਤੇ ਮਾਸਕ ਅਤੇ ਸੈਨੀਟਾਈਜ਼ਰ ਮੁੱਫਤਵੰਡੇ ਗਏ।ਇਸ ਮੌਕੇ ਚੋਧਰੀ ਸੁਰਿੰਦਰ ਸਿੰਘ ਐੱਮ ਐੱਲ ਏ ਕਰਤਾਰਪੁਰ,ਪ੍ਰਿੰਸੀਪਲ ਆਰ ਐਲ ਸੈਲੀ, ਚੇਅਰਮੈਨ ਮਾਰਕੀਟ ਕਮੇਟੀ ਜਲੰਧਰ ਰਾਜ ਕੁਮਾਰ ਅਰੋੜਾ, ਸਿਟੀ ਕਾਂਗਰਸ ਪ੍ਰਧਾਨ ਵੇਦ ਪ੍ਰਕਾਸ਼,ਕੌਸਲਰ ਉਕਾਂਰ ਸਿੰਘ ਮਿੱਠੂ, ਕੌਂਸਲਰ ਸ਼ਾਮ ਸੁੰਦਰ ਪਾਲ,ਕੌਸਲਰ ਅਸ਼ੋਕ ਕੁਮਾਰ, ਨਾਥੀ ਸਨੋਤਰਾ, ਗੋਪਾਲ ਸੂਦ,ਗੁਰਦੀਪ ਸਿੰਘ ਮਿੰਟੂ, ਡੀਐਸਪੀ ਸੁੱਖਪਾਲ ਸਿੰਘ ਰੰਧਾਵਾ, ਐਸ ਐਚ ਉ ਰਾਜੀਵ ਕੁਮਾਰ,ਮੰਯਕ ਗੁਪਤਾ, ਵਰਿੰਦਰ ਬਿੰਦੂ, ਮੁਕੇਸ਼ ਸ਼ੁਕਲਾ, ਸਰਬਜੀਤ ਬਾਵਾ,ਕਾਲਾ ਸੇਠ, ਰਾਕੇਸ਼ ਕੁਮਾਰ,ਸਰੂਪ ਸਿੰਘ ਕੁੱਦੋਵਾਲ, ਵਰਿੰਦਰ ਕੁਮਾਰ, ਆਦਿ ਬਹੁਤ ਸਾਰੇ ਪਤਵੰਤੇ ਸੱਜਣ ਹਾਜਰ ਸਨ।



# ਪਿੰਡ ਧਰਮਪੁਰ ਵਿਖੇ ਕਵਰੇਜ ਕਰਨ ਗਏ ਪੱਤਰਕਾਰ ਤੇ ਦੋ ਵਿਅਕਤੀਆਂ ਵਲੋ ਹਮਲਾ

## ਤਲਵਾੜਾ ਪੁਲਿਸ ਨੇ ਉਚਿਤ ਕਾਰਵਾਈ ਕਰਨ ਦਾ ਦਿੱਤਾ ਭਰੋਸਾ

**ਤਲਵਾੜਾ (ਜਸਵੀਰ ਸਿੰਘ ਪੁਰੇਵਾਲ)** ਅੱਜ ਪਿੰਡ ਧਰਮਪੁਰ ਵਿਖੇ ਪਾਬੰਧੀ ਅਤੇ ਫਾਇਰ ਸੀਜ਼ਨ ਦੇ ਬਾਵਜੂਦ ਚਲ ਰਹੀਆਂ ਕੋਲਾ ਬਣਾਉਣ ਵਾਲੀਆ ਭੱਠੀਆਂ ਦੀ ਕਵਰੇਜ ਕਰਨ ਗਏ ਪੱਤਰਕਾਰ ਤੇ ਦੋ ਵਿਅਕਤੀਆਂ ਨੇ ਜਾਨਲੇਵਾ ਹਮਲਾ ਕਰ ਗੰਭੀਰ ਰੂਪ ਵਿਚ ਜਖਮੀ ਕਰ ਦਿੱਤਾ ਹੈ। ਦਸੂਹਾ ਤੋਂ ਨਿਕਲਦੇ ਇਕ ਹਫ਼ਤਾਵਰੀ ਅਖ਼ਬਾਰ ਦੇ ਪੱਤਰਕਾਰ ਬਲਦੇਵ ਰਾਜ ਟੋਹਲੂ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਉਹ ਪਿਛਲੇ ਕੁਝ ਦਿਨਾਂ ਤੋਂ ਬਲਾਕ ਦੇ ਨੀਮ ਪਹਾੜੀ ਪਿੰਡਾਂ ਭੋਲ ਬਦਮਾਣੀਆਂ , ਸੁਖਚੈਨਪੁਰ , ਭਵਨੌਰ, ਝਰੇੜਾ, ਧਰਮਪੁਰ, ਅਲੇਰਾ ਆਦਿ ਪਿੰਡਾਂ ਵਿਚ ਨੰਗੇ ਚਿੱਟੇ ਦਿਨ ਪਾਬੰਦੀ ਅਤੇ ਫਾਇਰ ਸੀਜ਼ਨ ਦੇ ਬਾਵਜੂਦ ਬਿਨਾ ਕਿਸੇ ਡਰ ਭੈਅ ਤੋਂ ਕੀਤੀ ਜਾ ਰਹੀ ਦਰਖਤਾਂ ਦੀ ਨਾਜਾਇਜ਼ ਕਟਾਈ ਅਤੇ ਕੱਚੇ ਕੋਲੇ ਦੀਆਂ ਚਲ ਰਹੀਆਂ ਭੱਠੀਆਂ ਦੀ ਕਵਰੇਜ ਕਰਨ ਜਾ ਰਿਹਾ ਸੀ , ਤੇ ਅੱਜ ਜਦੋਂ ਪਿੰਡ ਧਰਮਪੁਰ ਦੇ ਇਕ ਚੋਅ ਦੇ ਨਜਦੀਕ ਪੈਂਦੇ ਜੰਗਲੀ ਰਕਬੇ ਵਿਚ ਪੁੱਜਾ, ਇਕ ਮੋਟਰਸਾਈਕਲ ਤੇ ਸਵਾਰ ਆਏ ਦੋ ਵਿਅਕਤੀਆਂ, ਜਿਸ ਵਿਚੋਂ ਇਕ ਵਿਅਕਤੀ ਨੇ ਮੋਟਰਸਾਈਕਲ ਤੋ ਉਤਰ ਕੇ ਜਾਨਲੇਵਾ ਹਮਲਾ ਕਰ ਦਿੱਤਾ।ਇਸ ਹਮਲੇ ਚ ਬਲਦੇਵ ਰਾਜ ਟੋਹਲੂ ਗੰਭੀਰ ਰੂਪ ਵਿਚ ਜਖਮੀ ਹੋ ਗਿਆ । ਜਿਸਨੂੰ ਮੁੱਢਲੀ ਸਹਾਇਤਾ ਲਈ ਬੀਬੀਐਮਬੀ ਹਸਪਤਾਲ ਵਿਖੇ ਲੈ ਜਾਇਆ





ਗਿਆ।ਇਸ ਸਬੰਧ ਵਿੱਚ ਤਲਵਾੜਾ ਪੁਲਿਸ ਪ੍ਰਸਾਸ਼ਨ ਨੇ ਉਚਿਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ।ਇਸ ਦੋਰਾਨ ਤਲਵਾੜਾ ਪੱਤਰਕਾਰ ਯੂਨੀਅਨ ਦੇ ਜਨਰਲ ਸੈਕਟਰੀ ਦੀਪਕ ਠਾਕੁਰ ਨੇ ਪੱਤਰਕਾਰ ਬਲਦੇਵ ਰਾਜ ਟੋਹਲੂ ਤੇ ਹੋਏ ਹਮਲੇ ਦੀ ਨਿਖੇਦੀ ਕੀਤੀ ਹੈ।

# ਰਾਤ ਦੇ ਸਮੇਂ ਪਿੰਡਾਂ ‘ਚ ਠੀਕਰੀ ਪਹਿਰੇ ਲਗਾਉਣ ਸਰਪੰਚ, ਤਾਂ ਜੋ ਸਰਕਾਰ ਦੀਆਂ ਹਦਾਇਤਾਂ ਦੀ ਪਾਲਣ ਕੀਤੀ ਜਾਵੇ: ਉਪ ਪੁਲਿਸ ਕਪਤਾਨ ਮੁਕੇਰੀਆਂ

**ਮੁਕੇਰੀਆਂ (ਜਸਵੀਰ ਸਿੰਘ ਪੁਰੇਵਾਲ)** ਆਮ ਜਨਤਾ ਵਿਚ ਕਰੋਨਾ ਬਿਮਾਰੀ ਤੋਂ ਬਚਣ ਲਈ ਜਾਗਰੂਕਤਾ ਪੈਦਾ ਕਰਨ ਹਿੱਤ ਅਸ਼ੋਕ ਕੁਮਾਰ ਸ਼ਰਮਾ ਐਸ ਡੀ ਐਮ ਮੁਕੇਰੀਆਂ ਰਵਿੰਦਰ ਸਿੰਘ ਉਪ ਪੁਲੀਸ ਕਪਤਾਨ ਮੁਕੇਰੀਆਂ ਅਤੇ ਰਾਮ ਲੁਭਾਇਆ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਮੁਕੇਰੀਆਂ ਵੱਲੋ ਵੱਖ ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ ਆਮ ਲੋਕਾਂ ਨੂੰ ਜਾਗਰੂਕ ਸਬੰਧਨ ਕੀਤਾ ਗਿਆ ਐਸ ਡੀ ਐਮ ਅਸ਼ੋਕ ਕੁਮਾਰ ਸ਼ਰਮਾ ਨੇ ਪਿੰਡ ਅਬਦੁਲਾਪੁਰ ਭੱਲੋਵਾਲ ਜਹਾਂਦਪੁਰ ਜੱਟਾਂ ਦੇ ਸਰਪੰਚਾਂ ਤੇ ਪੰਚਾਂ ਦੇ ਮੋਹਤਵਾਰ ਵਿਅਕਤੀਆਂ ਨਾਲ ਸਬੰਧਨ ਕਰਦੇ ਹੋਏ ਕਿਹਾ ਕਿ ਕੋਰੋਨਾ ਦੀ ਬੀਮਾਰੀ ਤੋਂ ਬਚਣ ਲਈ ਸਾਵਧਾਨੀਆਂ ਵਰਤਣੀਆਂ ਬਹੁਤ ਜ਼ਰੂਰੀ ਹਨ ਉਨ੍ਹਾਂ ਕਿਹਾ ਕਿ ਸਾਫ ਦੁਨੀਆ ਤੋਂ ਵਗੈਰ ਕਰੋਨਾ ਬਿਮਾਰੀ ਨਾਲ ਲੜਿਆ ਨਹੀਂ ਜਾ ਸਕਦਾ ਬਿਮਾਰੀ ਤੋਂ ਬਚਣ ਲਈ ਅਠਾਰਾਂ ਸਾਲ ਦੇ ਉਮਰ ਦੇ ਹਰੇਕ ਵਿਅਕਤੀ ਨੇ ਕੋਰੋਨਾ ਵੈਕਸੀਨ ਜ਼ਰੂਰੀ ਲਵਾਉਣੀ ਚਾਹੀਦੀ ਹੈ ਸਰਕਾਰ ਦੀਆਂ ਹਦਾਇਤ ਮੁਤਾਬਕ ਜਿਹੜੇ ਪਿੰਡਾਂ ਦੇ 100 ਫੀਸਦੀ ਵਿਅਕਤੀ ਕਰੋਨਾ ਵੈਕਸੀਨ ਨੂੰ ਲਗਵਾਉਣ ਉਸ ਪਿੰਡ ਨੂੰ ਸਰਕਾਰ ਵੱਲੋਂ 10 ਲੱਖ ਦੀ ਗਰਾਂਟ ਵੀ ਦਿੱਤੀ ਜਾਵੇਗੀ ਰਵਿੰਦਰ ਸਿੰਘ ਉਪ ਪੁਲਿਸ ਕਪਤਾਨ ਮੁਕੇਰੀਆਂ ਵੱਲੋਂ ਸਰਪੰਚਾਂ ਨੂੰ ਕਿਹਾ ਗਿਆ ਕਿ ਰਾਤ ਦੇ ਸਮੇਂ ਪਿੰਡਾਂ ਵਿੱਚ ਠੀਕਰੀ ਪਹਿਰੇ ਲਗਾਉਣ ਤਾਂ ਜੋ ਸਰਕਾਰ ਦੀਆਂ ਹਦਾਇਤਾਂ ਦੀ ਪਾਲਣ ਕੀਤੀ ਜਾਵੇ



# ਸਾਬਕਾ ਸਵਰਗਵਾਸੀ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਜੀ ਦੇ 30 ਵੇਂ ਸ਼ਹੀਦੀ ਦਿਹਾੜੇ ਤੇ ਲੋਕਾਂ ਨੂੰ ਕਰੋਨਾ ਮਹਾਂਮਾਰੀ ਸਬੰਧੀ ਜਾਗਰੂਕ ਕੀਤਾ ਅਤੇ ਮਾਸਕ ਵੰਡੇ



**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਕਾਂਗਰਸ ਦੇ ਸਾਬਕਾ ਸਵਰਗਵਾਸੀ ਪ੍ਰਧਾਨ ਮੰਤਰੀ ਰਜੀਵ ਗਾਂਧੀ ਜੀ ਦੇ 30 ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮੁਕੇਰੀਆਂ ਦੇ ਕਾਂਗਰਸੀ ਵਿਧਾਇਕ ਬੀਬੀ ਇੰਦੂ ਬਾਲਾ ਕੌਂਡਲ ਜੀ ਨੇ ਲੋਕਾਂ ਨੂੰ ਭਿਆਨਕ ਕਰੋਨਾ ਮਹਾਂਮਾਰੀ ਸੰਬੰਧੀ ਜਾਗਰੂਕ ਕੀਤਾ ਅਤੇ ਮੁਫ਼ਤ ਮਾਸਕ ਵੰਡੇ ਗਏ ਵਿਧਾਇਕ ਇੰਦੂ ਬਾਲਾ ਜੀ ਵੱਲੋਂ ਆਪਣੇ ਵਰਕਰਾਂ ਨੂੰ ਨਾਲ਼ ਲੈਕੇ ਹਾਜੀਪੁਰ ਬਜ਼ਾਰ ਵਿੱਚ ਗੇੜਾ ਲੱਗਿਆ ਅਤੇ ਲੋਕਾਂ ਨੂੰ ਕਰੋਨਾ ਮਹਾਂਮਾਰੀ ਸੰਬੰਧੀ ਜਾਗਰੂਕ ਕੀਤਾ ਲੋਕਾਂ ਨੂੰ ਸੋਸ਼ਲ ਡਸਟੇਟਿੰਗ ਬਣਾ ਕੇ ਰੱਖਣ ਅਤੇ ਮੂੰਹ ਤੇ ਮਾਸਕ ਲਗਾਉਣ ਦੀ ਅਪੀਲ ਕੀਤੀ।ਇਸ ਮੌਕੇ ਕਾਰਜਕਾਰੀ ਬਲਾਕ ਪ੍ਰਧਾਨ ਕਿਸ਼ੋਰ ਕੁਮਾਰ,ਸੁਸ਼ੀਲ ਤਿਵਾੜੀ,ਰਾਜਿੰਦਰ ਫੌਜੀ,ਕਪਿਲ ਕੁਮਾਰ, ਸੁਰਿੰਦਰ ਵਰਮਾ, ਸਭੈ ਸੰਚੀ, ਜੋਗਿੰ-ਦਰ ਸਿੰਘ ,ਪੰਚ ਪਵਨ ਕੁਮਾਰ,ਟੋਨੀ, ਰਾਏ ਸਿੰਘ ਸਧਾਨੁ,ਯੂਥ ਪ੍ਰਧਾਨ ਰਜਨੀਸ਼ ਮਿਨਹਾਸ ਮੰਗੂ ਵਿਮਲਾ ਸ਼ਰਮਾ ਆਦਿ ਹਾਜਿਰ ਸਨ।

# ਪੰਛੀਆਂ ਵਾਸਤੇ ਪੀਣ ਵਾਲੇ ਪਾਣੀ ਦੇ ਚਲੇ ਦੇ ਨਿਰਮਾਣ ਦਾ ਉਦਘਾਟਨ

**ਨਕੋਦਰ (ਟੋਨੀ)** ਗਰਮੀ ਦੇ ਮੌਸਮ ਵਿਚ ਗਰਮੀ ਸ਼ੁਰੂ ਹੋਣ ਤੋਂ ਪਹਿਲਾਂ ਗੋਰਵ ਜੈਨ ਨੇ ਈ ਉ ਨੂੰ ਲਿਖਤੀ ਪੱਤਰ ਜਾਰੀ ਕੀਤਾ ਸੀ ਉਸ ਪੱਤਰ ਨੂੰ ਦੇਖਦੇ ਹੋਏ ਗਰਮੀ ਦੇ ਮੌਸਮ ਵਿਚ ਪਸ਼ੂਆਂ ਦੇ ਪੀਣ ਦੇ ਚਲੇ ਬਣਾਉਣ ਲਈ ਕਿਹਾ। ਇਸ ਉਪਰੰਤ ਈਓ ਨਕੋਦਰ ਨੇ ਜਾਨਵਰਾਂ ਅਤੇ ਪੰਛੀਆਂ ਵਾਸਤੇ ਪਹਿਲਾ ਪੀਣ ਵਾਲੇ ਪਾਣੀ ਦੇ ਚਲੇ ਦਾ ਨਿਰਮਾਣ ਸ਼ੁਰੂ ਕੀਤਾ ਗਿਆ। ਜਿਸਦਾ ਉਦਘਾਟਨ ਸ਼੍ਰੀ ਰੰਦੀਪ ਸਿੰਘ ਵੜੈਚ, ਈ.ਓ. ਨਗਰ ਕੌਂਸਲ ਨਕੋਦਰ ਨੇ ਕੀਤਾ। ਉਨ੍ਹਾਂ ਦੇ ਨਾਲ ਹਨ ਸਮਾਜ ਸੇਵਕ ਗੌਰਵ ਜੈਨ, ਏ.ਐਮ.ਈ. ਸ਼੍ਰੀ ਮੁਕੇਸ਼ ਅਗਰਵਾਲ ਅਤੇ ਐਸ.ਓ. ਸ਼੍ਰੀ ਨਿਸ਼ਾਂਤ ਜੈਨ। ਏਸੇ ਤਰ੍ਹਾਂ ਹੀ ਸ਼ਹਿਰ ਦੇ ਵੱਖ-ਵੱਖ ਜਗ੍ਹਾਵਾਂ ਤੇ ਜਾਨਵਰਾਂ-ਪੰਛੀਆਂ ਦੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ।




# ਸਾਬਕਾ ਸਵਰਗਵਾਸੀ ਪ੍ਰਧਾਨ ਮੰਤਰੀ ਰਜੀਵ ਗਾਂਧੀ ਜੀ ਦੇ ਸ਼ਹੀਦੀ ਦਿਹਾੜੇ ਤੇ ਦਸੂਹਾ ਦੇ ਵਿਧਾਇਕ ਅਰੁਣ ਮਿੱਕੀ ਡੋਗਰਾ ਨੇ ਲੋਕਾਂ ਨੂੰ ਵੰਡੇ ਸੈਨਟਾਇਜਰ ਅਤੇ ਮਾਸਕ

**ਦਸੂਹਾ (ਜਸਵੀਰ ਸਿੰਘ ਪੁਰੇਵਾਲ)** ਅੱਜ ਅਰੁਣ ਡੋਗਰਾ ਮਿੱਕੀ ਬਲਾਕ ਪ੍ਰਧਾਨ ਪਰਮਿੰਦਰ ਕੁਮਾਰ ਬਿੱਟੂ ਜੀ ਚੇਅਰਮੈਨ ਬਲਾਕ ਸੰਮਤੀ ਜਰਨੈਲ ਸਿੰਘ ਬਿੱਲਾ , ਚੇਅਰਮੈਨ ਮਾਰਕੀਟ ਕਮੇਟੀ ਨਰਿੰਦਰ ਕੁਮਾਰ ਟੱਪੂ ਜੀ ਦੀ ਰਹਿਨੁਮਾਈ ਹੇਠ ਬਲਾਕ ਕਾਂਗਰਸ ਦਸੂੱਹਾ ਵੱਲੋਂ ਸਵਰਗਵਾਸੀ ਸ੍ਰੀ ਰਾਜੀਵ ਗਾਂਧੀ ਜੀ ਨੂੰ ਜਾਦ ਕੀਤਾ ਅਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਕਰੋਨਾ ਮਾਹਾਮਾਰੀ ਤੋਂ ਬਚਾਅ ਲਈ ਮਾਸਿਕ ਅਤੇ ਸਾਈਨੇਟਾਈਜਰ ਵੰਡੇ ਗਏ ਇਸ ਮੌਕੇ ਸੀਨਿਅਰ ਕਾਂਗਰਸੀ ਆਗੂ ਸੋਹਣ ਲਾਲ ਪਰਾਸ਼ਰ / ਕੈਪਟਨ ਲਾਲ ਸਿੰਘ/ ਗੁਰਪਾਲ ਸਿੰਘ ਪਾਲ ਸੀਨੀਅਰ ਕਾਂਗਰਸੀ ਆਗੂ/ ਕੇਵਲ ਕ੍ਰਿਸ਼ਨ ਬਿੱਟੀ /ਭੁੱਲਾਂ ਰਾਣਾ ਐਮ ਸੀ/ਵਿੱਕੀ ਬੱਸੀ / ਸੁੱਚਾ ਸਿੰਘ ਪ੍ਰਧਾਨ ਮਿਊਸਪਲ ਕਮੇਟੀ/ਚੰਦਰ ਸ਼ੇਖਰ ਵਾਇਸ ਪ੍ਰਧਾਨ ਮਿਊਸਪਲ ਕਮੇਟੀ/ਐਮ ਸੀ ਰਜੇਸ਼ ਕੁਮਾਰ ਪਿੰਕੀ /ਐਮ ਸੀ ਰਕੇਸ਼ ਬੱਸੀ /ਐਮ ਸੀ ਰਾਜਨ ਮੇਅਰ / ਐਮ ਸੀ ਮਾਸਟਰ ਗੁਰਮੀਤ ਸਿੰਘ/ XMC ਰਾਮ ਸਿੰਘ/ਐਮ ਸੀ ਬਾਪੂ ਰਾਮ /ਖੋਸਲਾ ਸਮਾਜਸੇਵੀ/ ਸੁੱਖ ਚੀਮਾ/ਜੋਬਨ ਬੱਸੀ / ਬਿੱਲਾ ਸਹਿਗੇ/ ਗੁਰਜੀਤ ਸਿੰਘ ਮੰਡ ਹਾਜ਼ਰ ਸਨ ।



# ਬਲੈਕ ਫੰਗਸ ਲਈ ਇਸਤੇਮਾਲ ਹੋਣ ਵਾਲੇ ਟਿੱਕੇ ਮਾਰਕੀਟ ਵਿਚ ਨਹੀਂ ਹੋਣਗੇ ਸਪਲਾਈ




**ਪੰਚਕਲਾ (ਦੀਪਕ ਸ਼ਰਮਾ)** ਜਿਸ ਤਰੀਕੇ ਨਾਲ ਕੋਰੋਨਾ ਦੀ ਬਿਮਾਰੀ ਵਿਚ ਇਸਤੇਮਾਲ ਹੋਣ ਵਾਲੇ ਰੀਮਾਡੇਸੀਵਰ ਅਤੇ ਟੈਸੀਲੀਜੁਮੇਬ ਟੀਕੇਮਾਰਕੀਟ ਚੋਂ ਗਾਇਬ ਹੋ ਸੀ । ਉਸੇ ਤਰਾਂ, ਬ੍ਲੈਕ ਫੰਗਸ ਦੇ ਮਰੀਜਾਂ ਨੂੰ ਲਗਨ ਵਾਲੇ ਐੰਫੋਰਟਰਾਈਸਿਨ-ਬੀ ਟੀਕਾ ਵੀ ਮਾਰਕੀਟ ਵਿਚ ਨਹੀਂ ਹੈ । ਇਸ ਦੇ ਨਾਲ ਹੀ, ਹੁਣ ਮਰੀਜਾਂ ਨੂੰ ਰੀਮੇਡੇਸੀਵਾਇਰ ਅਤੇ ਟੇਸੀਲੀਜੁਮੈਬ ਟੀਕੇ ਵਾਂਗ ਐੰਫੋਰਟਰਾਈਸਿਨ-ਬੀ ਟੀਕੇ ਮਿਲਣਗੇ । ਐੰਫੋਰਟਰਾਈਸਿਨ-ਬੀ ਟੀਕੇ ਦੀ ਸਪਲਾਈ ਹੁਣ ਮਾਰਕੀਟ ਵਿੱਚ ਨਹੀਂ ਹੋਵੇਗੀ । ਇਸਦੀ ਸਿੱਧੀ ਸਪਲਾਈ ਸਿਹਤ ਵਿਭਾਗ ਕੋਲ ਹੋਵੇਗੀ। ਰਾਜ ਪੱਧਰ 'ਤੇ 7 ਡਾਕਟਰਾਂ ਦੀ ਕਮੇਟੀ ਵੀ ਬਣਾਈ ਗਈ ਹੈ। ਇਸ ਵਿੱਚ ਰੋਹਤਕ ਪੀਜੀਆਈ ਦੇ ਇੱਕ ਪ੍ਰੋਫੈਸਰ, ਦੋ ਨਿਜੀ ਡਾਕਟਰ ਅਤੇ ਸਿਵਲ ਹਸਪਤਾਲ ਪੱਧਰ ਦੇ ਦੋ ਡਾਕਟਰ ਵੀ ਸਾਮਲ ਕੀਤੇ ਗਏ ਹਨ ।

ਇਹ ਕਮੇਟੀ ਨਿੱਜੀ ਹਸਪਤਾਲਾਂ ਤੋਂ ਆ ਰਹੀ ਮੰਗ ਨੂੰ ਮਨਜੂਰੀ ਦੇਵੇਗੀ । ਇਸ ਤੋਂ ਇਲਾਵਾ, ਹਰ ਜਲਿ ਦਾ ਸਿਵਲ ਸਰਜਨ ਵੀ ਇਸ ਕਮੇਟੀ ਨੂੰ ਆਪਣੇ ਮਰੀਜਾਂ ਦੀ ਐੰਫੋਰਟਰਾਈਸਿਨ-ਬੀ ਟੀਕੇ ਦੇਣ ਦੀ ਮੰਗ ਭੇਜੇਗਾ । ਜਿਸ ਤੋਂ ਬਾਅਦ ਉਹਨਾਂ ਨੂੰ ਇਹ ਟੀਕੇ ਮਿਲਣਗੇ । ਜੇ ਕੋਈ ਪ੍ਰਾਈਵੇਟ ਹਸਪਤਾਲ ਬ੍ਲੈਕ ਫਿੰਗਉਸ ਨਾਲ ਮਰੀਜ ਦਾ ਇਲਾਜ ਕਰ ਰਿਹਾ ਹੈ ।ਐੰਫੋਰਟਰਾਈਸਿਨ-ਬੀ ਟੀਕਾ ਉਸ ਹਸਪਤਾਲ ਦੀ ਤਰਫੋਂ ਕਮੇਟੀ ਤੋਂ ਮੰਗ ਭੇਜ ਕੇ ਲਿਆ ਜਾਂ ਸਕਦਾ ਹੈ, ਇਸ ਲਈ ਪ੍ਰਾਈਵੇਟ ਹਸਪਤਾਲ ਉਸ ਟੀਕੇ ਦੀ ਕੀਮਤ ਲਈ ਜਆਿਦਾ ਪੈਸੇ ਨਹੀਂ ਲੈ ਸਕਦਾ। ਪ੍ਰਾਈਵੇਟ ਹਸਪਤਾਲਾਂ ਵਿੱਚ, ਐੰਫੋਰਟਰਾਈਸਿਨ-ਬੀ ਟੀਕੇ ਦੇ ਉਸੇ ਰੇਟ ਨੂੰ ਮਰੀਜ ਦੇ ਬਿੱਲ 'ਤੇ ਲਾਗੂ ਕਰਨਾ ਪਏਗਾ, ਜਿੰਨੇ ਰੇਟ ਤੇ ਉਨਾਂ ਨੇ ਕਮੇਟੀ ਤੋਂ ਲੀਤਾ ਹੈ । ਇਸ ਦੀ ਜਾਂਚ ਕਰਨ ਲਈ ਸਿਵਲ ਸਰਜਨ ਦੀ ਤਰਫੋਂ ਨਿੱਜੀ ਹਸਪਤਾਲਾ ਦੇ ਬਿਲਾਂ ਦੀ ਨਿਗਰਾਨੀ ਕੀਤੀ ਜਾਏਗੀ । ਹਾਲਾਂਕਿ, ਜੇ ਕਿਸੇ ਸਰਕਾਰੀ ਹਸਪਤਾਲ ਵਿੱਚ ਮਰੀਜ ਨੂੰ ਟੀਕਾ ਲਗਾਇਆ ਜਾਂਦਾ ਹੈ, ਤਾਂ ਉਸਨੂੰ ਉਸ ਲਈ ਪੈਸੇ ਨਹੀਂ ਦੇਣੇ ਪੈਣਗੇ । ਇਹ ਟੀਕੇ ਸਰਕਾਰੀ ਹਸਪਤਾਲ ਵਿੱਚ ਬਿਲਕੁਲ ਮੁਫਤ ਲਗਣ ਗੇ ।

# ਡੀ.ਸੀ.ਪੀ ਨੂੰ ਸੈਲਯੂਟ ਨਹੀਂ ਕਰਨਾ ਪੇਆ ਭਾਰੀ, ਐਂਟਰੀ ਗੇਟ 'ਤੇ ਲਾਈ ਡਿਊਟੀ

**ਪੰਚਕਲਾ (ਦੀਪਕ ਸ਼ਰਮਾ)** ਹੈਡ ਕਾਂਸਟੇਬਲ ਨੂੰ ਡੀ.ਸੀ.ਪੀ ਨੂੰ ਸੈਲਯੂਟ ਨਹੀਂ ਕਰਨਾ ਇੰਨਾ ਭਾਰੀ ਪੇਆ ਕਿ ਹੁਣ ਡੀ.ਸੀ.ਪੀ ਨੇ ਡਿਊਟੀ ਮਿੰਨੀ ਸਚਿਵਾਲੀਆ ਦੇ ਐਂਟਰੀ ਗੇਟ 'ਤੇ ਲਾ ਦਿਤੀ ਅਤੇ ਉਸਨੂੰ ਉਥੋਂ ਆਉਣ ਵਾਲੇ ਸਾਰੇ ਪੁਲਿਸ ਅਧਿਕਾਰੀਆਂ ਨੂੰ ਸੈਲਯੂਟ ਕਰਨ ਲਈ ਕਿਹਾ ।

ਮਾਮਲਾ ਸੈਕਟਰ -1 ਮਿਨੀ ਸਕੱਤਰੇਤ ਦਾ ਹੈ, ਜਿੱਥੇ ਹੈੱਡ ਕਾਂਸਟੇਬਲ ਪਿਛਲੇ ਹਫਤੇ ਬੁੱਧਵਾਰ 12 ਮਈ ਨੂੰ ਸਵੇਰੇ 10.30 ਵਜੇ ਡੀ.ਸੀ.ਪੀ ਕੋਲ ਪੇਸ਼ੀ ਲਈ ਆਇਆ ਸੀ । ਡੀ.ਸੀ.ਪੀ ਦੇ ਫੀਲਡ ਵਿੱਚ ਹੋਣ ਦੇ ਕਾਰਨ, ਉਹ ਪਾਰਕਿੰਗ ਸੈੱਡ ਕੋਲ ਜਾਕੇ ਖੜਾ ਹੋ ਗਿਆ । ਸਵੇਰੇ ਲਗਭਗ 11 ਵਜੇ ਡੀ.ਸੀ.ਪੀ ਦੀ ਗੱਡੀ ਸਕੱਤਰੇਤ ਦੇ ਅੰਦਰ ਦਾਖਲ ਹੋਈ । ਜਿਵੇਂ ਹੀ ਡੀ.ਸੀ.ਪੀ ਅੰਦਰ ਪੁਜੇ, ਉਹਨਾਂ ਦੀ ਨਜ਼ਰ ਹੈਡ ਕਾਂਸਟੇਬਲ ਅਤੇ ਦੋ ਤਿੰਨ ਡਰਾਈਵਰਾਂ ਦੇ ਉੱਤੇ ਪਈ ।

ਹੈਡ ਕਾਂਸਟੇਬਲ ਨੇ ਸੈਲਯੂਟ ਕਰਨ ਦੀ ਬਜਾਏ, ਮੂੰਹ ਦੂਜੇ ਪਾਸੇ ਮੋੜ ਲਿਆ । ਪੋਰਚ ਏਰੀਆ ਵਿੱਚ ਡੀ.ਸੀ.ਪੀ ਦੀ ਕਾਰ ਖੜੀ ਹੋਣ ਤੋਂ ਬਾਅਦ, ਡੀ.ਸੀ.ਪੀ ਨੇ ਫੇਰ ਹੈਡ ਕਾਂਸਟੇਬਲ ਵੱਲ ਮੁੜ ਕੇ ਦੇਖਿਆ, ਪਰ ਡੀ.ਸੀ.ਪੀ ਨੂੰ ਸੈਲਯੂਟ ਨਹੀਂ ਕੀਤਾ ਗਿਆ ।

# ਕਾਰੋਬਾਰ ਬਿਊਰੋ ਵਲੋਂ ਕੋਵਿਡ ਦੌਰਾਨ ਆਨਲਾਇਨ ਸੇਵਾਵਾਂ ਜਾਰੀ

**ਕਪੂਰਥਲਾ।** ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ, ਕਪੂਰਥਲਾ ਵੱਲੋਂ ਬੇਰੁਜਗਾਰ ਨੌਜਵਾਨਾਂ ਦੇ ਰੁਜ਼ਗਾਰ ਲਈ ਵਧਦੇ ਕੋਵਿਡ ਦੇ ਮੱਦੇਨਜ਼ਰ ਸਾਰੀਆਂ ਸੇਵਾਵਾਂ ਆਨ-ਲਾਈਨ ਮੋਡ ਵਿੱਚ ਚਲਾਈਆਂ ਜਾ ਰਹੀਆਂ ਹਨ। ਬਿਊਰੋ ਵੱਲੋਂ ਅਪ੍ਰੈਲ ਤੇ ਮਈ ਮਹੀਨੇ ਤੱਕ 20 ਪਲੇਸਮੈਂਟ ਕੈਪ ਲਗਾਏ ਜਾ ਚੁੱਕੇ ਹਨ ਜਿੰਨਾਂ ਵਿੱਚ 26 ਨਿਯੋਜਕਾਂ ਅਤੇ 1210 ਪ੍ਰਾਰਥੀਆਂ ਨੇ ਇੰਟਰਵਿਊ ਵਿੱਚ ਭਾਗ ਲਿਆ। ਜਿਲ੍ਹਾ ਰੋਜ਼ਗਾਰ ਬਿਊਰੋ ਦੀ ਮੁਖੀ ਸ੍ਰੀਮਤੀ ਨੀਲਮ ਮਹੇ ਨੇ ਦੱਸਿਆ ਕਿ ਇਹਨਾਂ ਇੰਟਰਵਿਊ ਲਈ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਕਪੂਰਥਲਾ ਵੱਲੋਂ ਪਲੇਸਮੈਂਟ ਕੈਂਪ ਤੋਂ ਪਹਿਲਾਂ ਇੱਕ ਪ੍ਰਾਰਥੀਆਂ ਨੂੰ ਰਾਹੀਂ ਭੇਜਿਆ ਜਾਂਦਾ ਹੈ। ਇਸ ਰਾਹੀਂ ਪ੍ਰਾਪਤ ਹੋਈ ਜਾਣਕਾਰੀ ਦੇ ਅਧਾਰ 'ਤੇ ਬਿਊਰੋ ਦੇ ਸਟਾਫ ਵੱਲੋਂ ਟੈਲੀਫੋਨ ਕਾਲ ਕਰਕੇ ਪ੍ਰਾਰਥੀਆਂ ਨੂੰ ਕੰਪਨੀਆਂ ਅਤੇ ਅਸਾਮੀਆਂ ਬਾਰੇ ਸੂਚਨਾ ਦਿੱਤੀ ਜਾਂਦੀ ਹੈ ਅਤੇ ਪ੍ਰਾਰਥੀਆਂ ਨੂੰ ਦੁਬਾਰਾ ਰਾਹੀਂ ਪਲੇਸਮੈਂਟ ਕੈਂਪ ਦਾ ਲਿੰਕ ਭੇਜਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕਾਰੋਬਾਰ ਬਿਊਰੋ, ਕਪੂਰਥਲਾ ਦੇ ਹੈਲਪਲਾਈਨ ਨੰਬਰ 98882-19247 'ਤੇ ਸੰਪਰਕ ਵੀ ਕੀਤਾ ਜਾ ਸਕਦਾ ਹੈ।

# ਕੋਰੋਨਾ ਦੀ ਔਖੀ ਘੜੀ 'ਚ ਕੈਪਟਨ ਅਮਰਿੰਦਰ ਸਿੰਘ ਦਾ ਇਕ ਹੋਰ ਐਲਾਨ, ਚੁੱਕਿਆ ਇਹ ਵੱਡਾ ਕਦਮ



**ਚੰਡੀਗੜ (ਦੀਪਕ ਸ਼ਰਮਾ)** ਮੁੱਖ ਮੰਤਰੀ ਕੈਪਟਨ ਅਮਰਿੰ-ਦਰ ਸਿੰਘ ਨੇ ਕੋਵਿਡ ਮਰੀਜ਼ਾਂ ਲਈ ਘਰੇਲੂ ਇਕਾਂਤਵਾਸ ਦੌਰਾਨ ਸਵੈ-ਦੇਖਭਾਲ, ਬੈੱਡਾਂ ਦੀ ਉਪਲਬਧਤਾ ਅਤੇ ਟੀਕਾਕਰਨ ਕੇਂਦਰਾਂ ਬਾਰੇ ਜਾਣਕਾਰੀ ਆਦਿ ਲਈ 'ਪੰਜਾਬ ਕੋਵਿਡ ਕੇਅਰ ਵੱਟਸਐਪ ਚੈਟਬੋਟ' ਦੀ ਸ਼ੁਰੂਆਤ ਕੀਤੀ ਹੈ। ਘਰੇਲੂ ਇਕਾਂਤਵਾਸ ਵਾਲੇ ਮਰੀਜ਼ ਆਪਣੀ ਸਿਹਤ ਸਬੰਧੀ ਜਾਣਕਾਰੀ ਐਪ ਵਿਚ ਅਪਲੋਡ ਕਰ ਸਕਦੇ ਹਨ ਅਤੇ ਇਸ ਦੀ ਨਿਗਰਾਨੀ ਮਾਹਰ ਕਰਨਗੇ, ਜੋ ਉਨਾਂ ਨੂੰ ਇਲਾਜ ਦੌਰਾਨ ਸਲਾਹ ਦੇਣਗੇ। ਇਹ ਐਪ 3 ਭਾਸ਼ਾਵਾਂ-ਅੰਗਰੇਜੀ, ਪੰਜਾਬੀ ਅਤੇ ਹਿੰਦੀ ਵਿਚ ਉਪਲਬਧ ਹੈ। ਕੋਵਿਡ ਦੀ ਸਮੀਖਿਆ ਬੈਠਕ ਵਿਚ ਮੁੱਖ ਮੰਤਰੀ ਨੇ ਹਾਲ ਹੀ ਵਿਚ ਸ਼ੁਰੂ ਕੀਤੀ ਭੋਜਨ ਹੈਲਪਲਾਈਨ ਦੀ ਪ੍ਰਗਤੀ ਦਾ ਜਾਇਜਾ ਲਿਆ, ਜਿਸ ਤਹਿਤ ਸਿਰਫ਼ ਇਕ ਹਫ਼ਤੇ ਵਿਚ ਪੰਜਾਬ ਪੁਲਸ ਵਲੋਂ 3000 ਤੋਂ ਵੱਧ ਫੂਡ ਪੈਕੇਟ ਕੋਵਿਡ ਪ੍ਰਭਾਵਿਤ ਪਰਿਵਾਰਾਂ ਦੇ ਘਰ ਪਹੁੰਚਾਏ ਗਏ ਹਨ। ਇਨਾਂ ਵਿਚ 2721 ਪਕਾਏ ਗਏ ਅਤੇ 280 ਅਣ-ਪੱਕੇ ਖਾਣੇ ਦੇ ਪੈਕਟ ਸ਼ਾਮਲ ਸਨ। ਡੀ.ਜੀ.ਪੀ. ਦਿਨਕਰ ਗੁਪਤਾ ਨੇ ਦੱਸਿਆ ਕਿ ਸਕੀਮ ਦੀ ਸ਼ੁਰੂਆਤ ਦੇ ਪਹਿਲੇ ਦਿਨ ਹੀ ਪੁਲਸ ਵਿਭਾਗ ਵਲੋਂ ਕੋਵਿਡ ਕੰਟੀਨਾਂ ਦੀ ਸਥਾਪਨਾ 24 ਘੰਟਿਆਂ ਤੋਂ ਵੀ ਘੱਟ ਸਮੇਂ ਵਿਚ ਕੀਤੀ ਗਈ ਸੀ ਅਤੇ ਇਸ ਸਕੀਮ ਦੇ ਪਹਿਲੇ ਹੀ ਦਿਨ 120 ਤੋਂ ਵੱਧ ਪਕਾਏ/ਅਣਪੱਕੇ ਖਾਣੇ ਦੇ ਪੈਕੇਟ ਵੰਡੇ ਗਏ ਸਨ।ਉਨਾਂ ਅੱਗੇ ਕਿਹਾ ਕਿ 14 ਮਈ ਤੋਂ 20 ਮਈ, 2021 ਤੱਕ ਭੋਜਨ ਹੈਲਪਲਾਈਨ ਨੰਬਰਾਂ 'ਤੇ ਖਾਣੇ ਦੀਆਂ ਬੇਨਤੀਆਂ ਲਈ ਕੁੱਲ 385 ਕਾਲਾਂ ਆਈਆਂ ਸਨ। ਹੁਣ ਤੱਕ ਸਭ ਤੋਂ ਵੱਧ ਕਾਲਾਂ ਅੰਮ੍ਰਿਤਸਰ ਸਿਟੀ, ਲੁਧਿਆਣਾ ਸਿਟੀ, ਪਟਿਆਲਾ ਅਤੇ ਬਠਿੰਡਾ ਤੋਂ ਆਈਆਂ ਹਨ।

# ਡਿਸਟ੍ਰਿਕ ਪ੍ਰੈਸ ਕਲੱਬ ਦੇ ਪ੍ਰਧਾਨ ਗੁਰਬਚਨ ਸਿੰਘ ਸੋਨੂੰ ਨੂੰ ਲੱਗਾ ਸਦਮਾ; ਤਾਈ ਦਾ ਦਿਹਾਂਤ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ )**ਡਿਸਟ੍ਰਿਕ ਪ੍ਰੈਸ ਕਲੱਬ ਦੇ ਪ੍ਰਧਾਨ ਗੁਰ-ਬਚਨ ਸਿੰਘ ਸੋਨੂੰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾ ਦੇ ਪੂਜਨੀਕ ਤਾਈ ਰਾਜ ਰਾਣੀ ਬਿਮਾਰੀ ਕਾਰਨ ਦਾ ਦੇਹਾਂਤ ਹੋ ਗਿਆ। ਜਿਨ੍ਹਾਂ ਦਾ ਅੰਤਿਮ ਸੰਸਕਾਰ ਅੱਜ ਉਨ੍ਹਾ ਦੇ ਜੱਦੀ ਪਿੰਡ ਵਰਿਆਮ ਸਿੰਘ ਵਾਲਾ ਵਿਖੇ ਕੀਤਾ ਗਿਆ। ਉਨ੍ਹਾ ਦੇ ਸਦੀਵੀ ਵਿਛੋੜੇ ਨਾਲ ਪਰਿਵਾਰ, ਰਿਸ਼ਤੇਦਾਰਾਂ ਆਦਿ ਨੂੰ ਵੱਡਾ ਸਦਮਾ ਲੱਗਾ ਹੈ। ਇਸ ਦੁੱਖ ਦੀ ਘੜੀ 'ਚ ਪਰਿਵਾਰ ਨਾਲ ਰਾਣਾ ਗੁਰਮੀਤ ਸਿੰਘ ਸੋਢੀ ਕੈਬਨਿਟ ਮੰਤਰੀ, ਵਿਧਾਇਕਾ ਸਤਿਕਾਰ ਕੌਰ ਗਹਿਰੀ, ਅਨੁਮੀਤ ਸਿੰਘ ਹੀਰਾ ਸੋਢੀ, ਸ਼ਹੀਦ ਭਗਤ ਸਿੰਘ ਪ੍ਰੈਸ ਐਸੋਸੀਏਸ਼ਨ ਦੇ ਰਾਸ਼ਟਰੀਏ ਪ੍ਰਧਾਨ ਰਣਜੀਤ ਸਿੰਘ ਮੰਸੋਣ ਤੇ ਪੰਜਾਬ ਪ੍ਰਧਾਨ ਗੋਰਾ ਸੰਧੂ , ਸ਼ਰਨਜੀਤ ਬੈਂਸ ਲੇਖਕ ਤੇ ਸੰਪਾਦਕ, ਅਸ਼ੋਕ ਭਾਰਦਵਾਜ਼, ਸਤਬੀਰ ਸਿੰਘ ਬਰਾੜ, ਕੰਨਵਰਜੀਤ ਸਿੰਘ ਸੰਧੂ, ਪ੍ਰੈਸ ਕਲੱਬ ਫਿਰੋਜ਼ਪੁਰ ਦੇ ਪ੍ਰਧਾਨ ਮਨਦੀਪ ਕੁਮਾਰ ਮੌਂਟੀ, ਬੋਬੀ ਖੁਰਾਣਾ, ਡਾ. ਆਸ਼ੂ ਬਾਂਗੜ, ਮੌੜਾ ਸਿੰਘ ਅਣਜਾਣ, ਜਸਮੇਲ ਸਿੰਘ ਲਾਡੀ ਗਹਿਰੀ, ਸਾਬਕਾ ਵਿਧਾਇਕ ਜੋਗਿੰਦਰ ਸਿੰਘ ਜਿੰਦੂ, ਸਰਪੰਚ ਹਰਜੀਤ ਸਿੰਘ , ਵਿਜੇ ਸ਼ੈਰੀ, ਸੁਰਜੀਤ ਵਿਲਾਸਰਾ, ਮਨੀਸ਼ ਅਰੋੜਾ, ਵਿਕਾਸ ਵਰਮਾ, ਰਿੰਕੂ ਵਾਹੀ, ਕੁਲਦੀਪ ਸਿੰਘ ਭੁੱਲਰ, ਪਰਮਜੀਤ ਕੌਰ ਸੋਢੀ, ਗਾਮਾ ਸਿੱਧੂ, ਜਸਵਿੰਦਰ ਸਿੰਘ ਸੰਧੂ, ਪਰਮਿੰਦਰ ਸਿੰਘ ਥਿੰਦ, ਹਰਚਰਨ ਸਿੰਘ ਸਾਮਾ, ਗੁਰਵਿੰਦਰ ਸਿੰਘ ਗੈਰੀ, ਜਸਪਾਲ ਸਿੰਘ ਜੋਸਨ, ਸੁਰਿੰਦਰ ਸਿੰਘ ਸਿੱਧੂ ਐਡਵੋਕੇਟ, ਦੀਪਕ ਕਾਲੜਾ, ਪਰਮਿੰਦਰ ਸਿੰਘ, ਰਿੰਕੂ ਨੂਰਪੁਰ, ਧਰਮਿੰਦਰ ਸੰਘ ਬੱਬੂ ਨੂਰਪੁਰ, ਡਾ. ਨਿਸ਼ਾਨ ਸਿੰਘ ਪੀਰੂ ਵਾਲਾ, ਸਤਪਾਲ ਥਿੰਦ, ਮਲਕੀਤ ਥਿੰਦ, ਤਪਿੰਦਰ ਸਿੰਘ ਇੰਚਾਰਜ ਅਜੀਤ, ਕੰਵਰਜੀਤ ਸਿੰਘ ਜੈਂਟੀ, ਗੁਰਚਰਨ ਸਿੰਘ ਨਾਹਰ ਪ੍ਰਧਾਨ ਜ਼ਲਿਾ ਕਾਂਗਰਸ ਕਮੇਟੀ, ਰਾਜੂ ਨਾਰੰਗ, ਸੁਖਵਿੰਦਰ ਸਿੰਘ ਮੱਲਾਂਵਾਲਾ, ਗੁਰਮੇਲ ਸਿੰਘ ਵਾਰਵਲ, ਹਰਜੀਤ ਸਿੰਘ ਸਨੇਰ, ਗੁਰਭੇਜ ਸਿੰਘ ਟਿੱਬੀ, ਅੰਗਰੇਜ ਸਿੰਘ ਭੁੱਲਰ, ਜਸਵੰਤ ਸਿੰਘ ਥਿੰਦ, ਗੁਰਮੇਜ ਸਿੰਘ, ਗੁਰਪ੍ਰੀਤ ਸਿੰਘ ਜੋਸਨ, ਨੀਟਾ ਸੋਢੀ, ਰਾਜੂ ਕਮੱਗਰ, ਫੌਜਾ ਸਿੰਘ , ਵਰਿੰਦਰ ਸਿੰਘ ਸੈਣੀ, ਧਰਮਿੰਦਰ ਸਿੰਘ ਸਾਬਕਾ ਸਰਪੰਚ ਵਰਿਆਮ ਵਾਲਾ ਆਦਿ ਵੱਲੋਂ ਦੁੱਖ ਸਾਂਝਾ ਕੀਤਾ ਗਿਆ।

# ਵਧੀਕ ਡਿਪਟੀ ਕਮਿਸ਼ਨਰ ਨੇ ਘਰਾਂ ''ਚ ਇਕਾਂਤਵਾਸ ਰਹਿ ਕੇ ਠੀਕ ਹੋਏ ਲੋਕਾਂ ਨਾਲ ਕੀਤੀ ਗੱਲਬਾਤ



**ਚੰਡੀਗੜ (ਦੀਪਕ ਸ਼ਰਮਾ)** ਬਹੁਤ ਹੀ ਛੋਟੀ ਉਮਰ ਵਿੱਚ ਸਿਵਲ ਸੇਵਾਵਾਂ ਪ੍ਰੀਖਿਆ ਪਾਸ ਕਰ ਕੇ ਹੁਣ ਵਧੀਕ ਡਿਪਟੀ ਕਮਿਸਨਰ (ਜਨਰਲ) ਵੱਜੋਂ ਸੇਵਾਵਾਂ ਨਿਭਾਅ ਰਹੇ ਆਸ਼ਿਕਾ ਜੈਨ ਨੇ ਪੰਜਾਬ ਸਰਕਾਰ ਵੱਲੋਂ ਵਿੱਢੇ ਮਿਸਨ ਫਤਹਿ ਤਹਿਤ ਰੈਪਿਡ ਰਿਸਪਾਂਸ ਟੀਮਾਂ ਨਾਲ ਜਾ ਕੇ ਘਰ ਵਿੱਚ ਇਕਾਂਤਵਾਸ ਕੋਰੋਨਾ ਮਰੀਜਾਂ ਨੂੰ ਕਰੋਨਾ ਫਤਹਿ ਕਿੱਟਾਂ ਮੁਹੱਈਆ ਕਰਵਾਈਆਂ। ਉਨਾਂ ਨੇ ਨਾਲ ਹੀ ਘਰਾਂ ਵਿੱਚ ਇਕਾਂਤਵਾਸ ਰਹਿ ਕੇ ਕੋਰੋਨਾ ਨੂੰ ਮਾਤ ਦੇਣ ਵਾਲੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਕੋਰੋਨਾ ਫਤਹਿ ਕਿੱਟ ਦੀ ਉਨਾਂ ਨੂੰ ਠੀਕ ਕਰਨ ਵਿੱਚ ਭੂਮਿਕਾ ਅਤੇ ਜਲਿਾ ਪ੍ਰਸਾਸਨ ਵੱਲੋਂ ਉਨਾਂ ਦੀ ਦੇਖਭਾਲ ਲਈ ਕੀਤੇ ਯਤਨਾਂ ਦੀ ਸਮੀਖਿਆ ਕੀਤੀ।

ਇਸੇ ਤਹਿਤ ਵਧੀਕ ਡਿਪਟੀ ਕਮਿਸਨਰ ਜੈਨ ਨੇ ਜੁਝਾਰ ਨਗਰ, ਨਵਾਂ ਗਾਓਂ ਸਮੇਤ ਜਲਿ ਦੀਆਂ ਵੱਖ-ਵੱਖ ਥਾਵਾਂ ਦਾ ਦੌਰਾ ਕੀਤਾ। ਇਸ ਮੌਕੇ ਕੋਰੋਨਾ ਫਤਹਿ ਕਿੱਟ ਪ੍ਰਾਪਤ ਕਰਨ ਵਾਲੇ ਲੋਕਾਂ ਅਤੇ ਕੋਰੋਨਾ ਨੂੰ ਮਾਤ ਦੇਣ ਵਾਲੇ ਲੋਕਾਂ ਨੇ ਜਿੱਥੇ ਜਲਿਾ ਪ੍ਰਸਾਸਨ ਵੱਲੋਂ ਮਿਲੇ ਸਹਿਯੋਗ ਲਈ ਧੰਨਵਾਦ ਕੀਤਾ,ਉੱਥੇ ਉਨਾਂ ਨੇ ਉਚੇਚੇ ਤੌਰ 'ਤੇ ਜੈਨ ਦੀ ਸਲਾਘਾ ਕਰਦਿਆਂ ਕਿਹਾ ਕਿ ਉਨਾਂ ਨੂੰ ਬਹੁਤ ਚੰਗਾ ਲੱਗਿਆ ਹੈ ਕਿ ਕਿਸੇ ਉੱਚ ਅਧਿਕਾਰੀ ਨੇ ਖੁਦ ਆ ਕੇ ਉਨਾਂ ਦੀ ਸਾਰ ਲਈ ਹੈ। ਇਸ ਨਾਲ ਉਨਾਂ ਨੂੰ ਇੱਕ ਸਕਾਰਾਤਮਕ ਊਰਜਾ ਮਿਲੀ ਹੈ ਤੇ ਉਨਾਂ ਦਾ ਹੌਂਸਲਾ ਵਧਿਆ ਹੈ। ਕੋਰੋਨਾ ਨੂੰ ਮਾਤ ਦੇਣ ਵਿੱਚ ਪੰਜਾਬ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾ ਰਹੀ ਕੋਰੋਨਾ ਫਤਿਹ ਕਿੱਟ ਅਹਿਮ ਭਮਿਕਾ ਨਿਭਾਅ ਰਹੀ ਹੈ ਅਤੇ ਜਲਿ ਵਿੱਚ ਹੁਣ ਤੱਕ ਘਰਾਂ ਵਿੱਚ ਇਕਾਂਤਵਾਸ ਕੋਰੋਨਾ ਮਰੀਜਾਂ ਨੂੰ ਕਰੀਬ 10 ਹਜਾਰ ਕਿੱਟਾਂ ਪਹੁੰਚਾਈਆਂ ਜਾ ਚੁੱਕੀਆਂ ਹਨ, ਜੋ ਕਿ ਮਰੀਜਾਂ ਲਈ ਬੇਹੱਦ ਲਾਹੇਵੰਦ ਸਾਬਿਤ ਹੋਈਆਂ ਹਨ। ਵਧੀਕ ਡਿਪਟੀ ਕਮਿਸ਼ਨਰ ਜੈਨ ਨੇ ਦੱਸਿਆ ਕਿ ਕੋਵਿਡ ਮਰੀਜਾਂ ਤੱਕ ਕੋਰੋਨਾ ਫਤਿਹ ਕਿੱਟਾਂ ਪੁੱਜਦੀਆਂ ਕਰਨ ਲਈ ਐਸ. ਪੀ.(ਦਿਹਾਤੀ) ਰਵਜੋਤ ਗਰੇਵਾਲ ਨੂੰ ਨੋਡਲ ਅਫਸਰ ਲਗਾਇਆ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇੱਕ ਕੋਰੋਨਾ ਫਤਿਹ ਕਿੱਟ ਵਿੱਚ 18 ਚੀਜਾਂ ਹੁੰਦੀਆਂ ਹਨ, ਜਿਨਾਂ ਵਿੱਚ ਪਲਸ ਆਕਸੀਮੀਟਰ, ਡਿਜੀਟਲ ਥਰਮਾਮੀਟਰ, ਦਵਾਈਆਂ ਅਤੇ ਕਾੜਾ, ਸਿੱਖਿਆ ਅਤੇ ਜਾਣਕਾਰੀ ਸਬੰਧੀ ਸਮੱਗਰੀ, ਦਵਾਈਆਂ ਵਰਤਣ ਦੀਆਂ ਹਦਾਇਤਾਂ, ਮਰੀਜ ਅਤੇ ਮਰੀਜ ਦੀ ਸਾਂਭ-ਸੰਭਾਲ ਕਰਨ ਵਾਲਿਆਂ ਸਬੰਧੀ ਹਦਾਇਤਾਂ ਅਤੇ ਸੈਲਫ ਮਾਨੀਟਰਿੰਗ ਲਾਗ ਚਾਰਟ ਸ਼ਾਮਲ ਹਨ। ਇਸ ਕਿੱਟ ਵਿੱਚ ਜਿੱਥੇ ਸਿਹਤਯਾਬ ਹੋਣ ਲਈ ਦਵਾਈਆਂ ਮੁਹੱਈਆ ਕਰਵਾਈਆਂ ਗਈਆਂ ਹਨ, ਉੱਥੇ ਸਿਹਤ ਦੀ ਨਿਗਰਾਨੀ ਲਈ ਵੀ ਚੀਜਾਂ ਸਾਮਲ ਹਨ। ਜਿਵੇਂ ਕਿ ਪਲਸ ਆਕਸੀਮੀਟਰ ਅਤੇ ਡਿਜੀਟਲ ਥਰਮਾਮੀਟਰ ਦੀ ਮਦਦ ਨਾਲ ਮਰੀਜ ਨੂੰ ਅਪਣੀ ਸਿਹਤ ਵਿਗੜਨ ਬਾਰੇ ਫੌਰੀ ਪਤਾ ਲੱਗਜਾਂਦਾ ਹੈ ਤੇ ਸਿਹਤ ਖਰਾਬ ਹੋਣ 'ਤੇ ਉਹ ਫੌਰੀ ਜਲਿਾ ਪ੍ਰਸਾਸਨ ਦੀ ਮਦਦ ਨਾਲ ਅਗਲਾ ਇਲਾਜ ਕਰਵਾ ਸਕਦਾ ਹੈ।

# ਸਾਬਕਾ ਮੰਤਰੀ ਜਥੇਦਾਰ ਇੰਦਰਜੀਤ ਸਿੰਘ ਜ਼ੀਰਾ ਨੂੰ ਵੱਖ-ਵੱਖ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਂਟ

## ਪੰਜਾਬ ਸਰਕਾਰ ਵੱਲੋਂ ਜਥੇਦਾਰ ਦੀ ਯਾਦ ਵਿਚ ਮੱਖੂ ਵਿਖੇ ਸਥਾਪਿਤ ਕੀਤੀ ਜਾਵੇਗੀ ਆਈ. ਟੀ.ਆਈ.

## ਵਿਧਾਇਕ ਕੁਲਬੀਰ ਸਿੰਘ ਜ਼ੀਰਾ ਵੱਲੋਂ ਪਿਤਾ ਦੇ ਸੁਪਨਿਆਂ ਨੂੰ ਪੂਰਾ ਕਰਨ ਦਾ ਲਿਆ ਗਿਆ ਪ੍ਰਣ





**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਵਿਧਾਨ ਸਭਾ ਹਲਕਾ ਜ਼ੀਰਾ ਦੇ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਦੇ ਪਿਤਾ ਸਾਬਕਾ ਮੰਤਰੀ ਜਥੇਦਾਰ ਇੰਦਰਜੀਤ ਸਿੰਘ ਜ਼ੀਰਾ ਦੇ ਨਮਿੱਤ ਪਾਠ ਦਾ ਭੋਗ ਅਤੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਜ਼ਾਹਰਾ ਪੀਰ ਡੇਰਾ ਸੰਤ ਬਾਬਾ ਨਾਹਰ ਸਿੰਘ ਸਨੇਰਾਂ ਵਾਲੇ ਫ਼ਰੀਦਕੋਟ ਰੋਡ ਜ਼ੀਰਾ ਵਿਖੇ ਹੋਇਆ। ਇਸ ਦੌਰਾਨ ਦੌਰਾਨ ਪੰਜਾਬ ਭਰ ਦੇ ਸਿਆਸੀ, ਧਾਰਮਿਕ ਅਤੇ ਪ੍ਰਸ਼ਾਸਨਿਕ ਸ਼ਖ਼ਸੀਅਤਾਂ ਤੋਂ ਇਲਾਵਾ ਰਿਸ਼ਤੇਦਾਰਾਂ ਨੇ ਸਾਬਕਾ ਮੰਤਰੀ ਜਥੇਦਾਰ ਇੰਦਰਜੀਤ ਸਿੰਘ ਜ਼ੀਰਾ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਪੰਜਾਬ ਸਰਕਾਰ ਦੇ ਮੰਤਰੀ ਅਤੇ ਹੋਰ ਆਗੂਆਂ ਨੇ ਕਿਹਾ ਕਿ ਪਾਰਟੀ ਨੂੰ ਜਥੇਦਾਰ ਜ਼ੀਰਾ ਵਰਗੇ ਦੂਰਅੰਦੇਸ਼ੀ ਆਗੂ ਨਿਧੜਕ ਜਰਨੈਲ ਤਜਰਬੇਕਾਰ ਸ਼ਖ਼ਸੀਅਤ ਦੀ ਘਾਟ ਹਮੇਸ਼ਾਂ ਰੜਕਦੀ ਰਹੇਗੀ। ਉਨ੍ਹਾਂ ਕਿਹਾ ਕਿ ਅੱਤਵਾਦ ਦੇ ਕਾਲੇ ਦੌਰ ਦੌਰਾਨ ਵੀ ਲੋਕਾਂ ਅੱਗੇ ਢਾਲ ਬਣ ਕੇ ਖੜਨ ਵਾਲੇ ਇੰਦਰਜੀਤ ਸਿੰਘ ਜ਼ੀਰਾ ਨੇ ਅਨੇਕਾਂ ਘਰਾਂ ਦੇ ਚਿਰਾਗ਼ ਬੁਝਣ ਤੋਂ ਬਚਾਏ ਅਤੇ ਪਿੰਡ ਦੀ ਪੰਚਾਇਤ ਤੋਂ ਕੈਬਨਿਟ ਤਕ ਦਾ ਸਫ਼ਰ ਤੈਅ ਕਰਕੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ। ਇਸ ਦੌਰਾਨ ਆਈ ਸੰਗਤ ਦਾ ਧੰਨਵਾਦ ਕਰਦਿਆਂ ਜਥੇਦਾਰ ਇੰਦਰਜੀਤ ਸਿੰਘ ਦੇ ਪੁੱਤਰ ਵਿਧਾਇਕ ਕੁਲਬੀਰ ਸਿੰਘ ਨੇ ਕਿਹਾ ਕਿ ਉਹ ਆਪਣੇ ਪਿਤਾ ਦੇ ਅਧੂਰੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਪ੍ਰਣ ਲੈਂਦੇ ਹਨ ਅੰਤ ਵਿਚ ਉਨ੍ਹਾਂ ਸਮਰਥਕਾਂ ਤੋਂ ਇਸੇ ਤਰ੍ਹਾਂ ਪਿਆਰ ਅਤੇ ਅਸ਼ੀਰਵਾਦ ਬਣਾਏ ਰੱਖਣ ਦੀ ਅਪੀਲ ਵੀ ਕੀਤੀ। ਇਸ ਮੌਕੇ ਜ਼ੀਰਾ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਜਥੇਦਾਰ ਇੰਦਰਜੀਤ ਸਿੰਘ ਜ਼ੀਰਾ ਨੂੰ ਸ਼ਰਧਾਂਜਲੀ ਭੇਟ ਕਰਨ ਵਾਲਿਆਂ ਵਿਚ ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਸਾਧੂ ਸਿੰਘ ਧਰਮਸੋਤ, ਜਸਬੀਰ ਸਿੰਘ ਗਿੱਲ ਡਿੰਪਾ ਐੱਮਪੀ ,ਵਿਜੈ ਇੰਦਰ ਸਿੰਗਲਾ ਸਿੱਖਿਆ ਮੰਤਰੀ, ਰਾਜ ਕੁਮਾਰ ਵੇਰਕਾ, ਸ਼ੇਰ ਸਿੰਘ ਘੁਬਾਇਆ ਸਾਬਕਾ, ਐਮ ਪੀ ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਐਮ ਪੀ ਪਰਮਿੰਦਰ ਸਿੰਘ, ਵਿਧਾਇਕ ਪਰਮਿੰਦਰ ਸਿੰਘ ਪਿੰਕੀ, ਡਿਪਟੀ ਕਮਿਸ਼ਨਰ ਸ. ਗੁਰਪਾਲ ਸਿੰਘ ਚਾਹਲ, ਐਸ.ਡੀ.ਐਮ. ਸ. ਰਣਜੀਤ ਸਿੰਘ, ਪ੍ਰੀਤਮ ਸਿੰਘ ਕੋਟਭਾਈ, ਫਤਹਿਜੰਗ ਸਿੰਘ ਬਾਜਵਾ, ਬਰਿੰਦਰਮੀਤ ਸਿੰਘ ਪਾਹੜਾ, ਬਲਵਿੰਦਰ ਸਿੰਘ ਲਾਡੀ, ਸੁਖਜੀਤ ਸਿੰਘ ਕਾਕਾ ਲੋਹਗੜ੍ਹ, ਅਮਰੀਕ ਸਿੰਘ ਸਮਰਾਲਾ, ਨੁਸਰਤ ਅਲੀ ਖਾਨ ਸਾਬਕਾ ਕੈਬਨਿਟ ਮੰਤਰੀ, ਗੁਰਚਰਨ ਸਿੰਘ ਨਾਹਰ ਜ਼ਲਿਾ ਪ੍ਰਧਾਨ ਕਾਂਗਰਸ ਕਮੇਟੀ ,ਵਿਧਾਇਕ ਪਰਮਿੰਦਰ ਸਿੰਘ ਢੀਂਡਸਾ, ਸਤਿਕਾਰ ਕੌਰ ਗਹਿਰੀ, ਦਰਸ਼ਨ ਸਿੰਘ ਬਰਾੜ ਬਾਘਾਪੁਰਾਣਾ, ਅਮਰਿੰਦਰ ਸਿੰਘ ਰਾਜਾ ਵੜਿੰਗ, ਗੁਰਨੈਬ ਸਿੰਘ ਬਰਾੜ ਸਾਬਕਾ ਐਮਐਲਏ, ਅਵਤਾਰ ਸਿੰਘ ਜ਼ੀਰਾ ਸਾਬਕਾ ਚੇਅਰਮੈਨ ਸਹਿਕਾਰੀ ਬੈਂਕ ਪੰਜਾਬ ਆਦਿ ਹਾਜ਼ਰ ਸਨ।

# ਕਿਸਾਨ ਅੰਦੋਲਨ 'ਚ ਸਰਕਾਰ ਤੇ ਬੀਮਾਰੀ ਨਾਲ ਲੜਨ ਲਈ ਹਰ ਇਲਾਜ ਦੇ ਪੁਖਤਾ ਪ੍ਰਬੰਧ : ਜੱਥੇਬੰਦੀਆਂ



**ਚੰਡੀਗੜ (ਦੀਪਕ ਸ਼ਰਮਾ)** ਕਿਸਾਨਾਂ ਦੀਆਂ 32 ਜੱਥੇਬੰਦੀਆਂ ਦੀ ਇੱਕ ਮਹੱਤਵਪੂਰਨ ਮੀਟਿੰਗ ਕੀਤੀ ਹੋਈ, ਜਿਸ ਦੀ ਪ੍ਰਧਾਨਗੀ ਰੁਲਦੂ ਸਿੰਘ ਮਾਨਸਾ ਨੇ ਕੀਤੀ। ਇਸ ਮੀਟਿੰਗ ਵਿੱਚ ਅਹਿਮ ਮੁੱਦਿਆਂ 'ਤੇ ਵਿਚਾਰ ਦੌਰਾਨ ਮਨੁੱਖਤਾ ਦੀਆਂ ਬੀਮਾਰੀਆਂ ਬਾਰੇ ਵੀ ਚਰਚਾ ਕੀਤੀ ਗਈ, ਜਿਸ ਵਿੱਚ ਕੋਰੋਨਾ ਬਾਰੇ ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕਿਸਾਨ ਅੰਦੋਲਨ 'ਚ ਸਾਰੇ ਬਾਰਡਰਾਂ 'ਤੇ ਡਾਕਟਰਾਂ ਅਤੇ ਫਰੀ ਮੈਡੀਕਲਾਂ ਦੇ ਵਿਸੇਸ ਪ੍ਰਬੰਧ ਕੀਤੇ ਹੋਏ ਹਨ। ਹਾਲਾਂਕਿ ਸਰਕਾਰ ਵੱਲੋਂ ਮੋਰਚਿਆਂ ਵਿੱਚ ਕੋਈ ਵੀ ਮੈਡੀਕਲ ਸਹੂਲਤਾਂ ਮੁਹੱਈਆ ਨਹੀਂ ਕਰਵਾਈਆਂ ਗਈਆਂ। ਕਿਸਾਨ ਅੰਦੋਲਨ 'ਚ ਅਸੀਂ ਆਪ ਸੁਰੂ ਤੋਂ ਇਕ ਅਮਰਜੈਂਸੀ ਹਸਪਤਾਲ ਖੋਲਿਆ ਹੈ, ਜਿਸ ਵਿਚ 10 ਬੈੱਡਾਂ 'ਤੇ ਆਕਸੀਜਨ ਅਤੇ ਹਰੇਕ ਮੈਡੀਸਨ ਦਾ ਪ੍ਰਬੰਧ ਕੀਤਾ ਗਿਆ ਹੈ। ਇੱਥੇ ਹਰੇਕ ਬੀਮਾਰੀ ਦਾ ਇਲਾਜ ਮੁਫਤ ਹੋ ਰਿਹਾ ਹੈ। ਇੱਥੋਂ ਤੱਕ ਆਲੇ-ਦੁਆਲੇ ਦੇ ਪਿੰਡਾਂ ਦੇ ਮਰੀਜ ਵੀ ਹਰੇਕ ਬੀਮਾਰੀ ਦਾ ਇਲਾਜ ਕਰਵਾ ਰਹੇ ਹਨ। ਉਨਾਂ ਕਿਹਾ ਕਿ ਅਸੀਂ ਪੂਰੇ ਮੋਰਚੇ 'ਚ ਸੈਨੇਟਾਈਜ ਵੀ ਕਰਵਾ ਦਿੱਤਾ ਹੈ। ਸਟੇਜ ਤੋਂ ਹਰ ਰੋਜ ਅਨਾਊਂਸ ਕੀਤਾ ਜਾਂਦਾ ਹੈ ਕਿ ਗਰਮ ਪਾਣੀ ਪੀਓ ਅਤੇ ਦਿਨ ਵਿਚ ਕਾੜਾ ਜਰੂਰ ਲਵੋ। ਰਾਜੇਵਾਲ ਨੇ ਕਿਹਾ ਕਿ ਹੁਣ ਤੱਕ 400 ਦੇ ਕਰੀਬ ਸ਼ਹੀਦ ਹੋਏ ਕਿਸਾਨਾਂ 'ਚੋਂ ਇਕ ਨੂੰ ਵੀ ਕੋਰੋਨਾ ਨਹੀਂ ਆਇਆ ਅਤੇ ਨਾਂ ਹੀ ਮੋਰਚੇ ਵਿਚ ਕੋਈ ਇਸ ਤਰਾਂ ਦੀ ਬੀਮਾਰੀ ਹੈ। ਇਸ ਤਰਾਂ ਸਰਕਾਰ ਜਾਣ-ਬੁੱਝ ਕੇ ਮੋਰਚੇ ਨੂੰ ਬਦਨਾਮ ਕਰ ਰਹੀ ਹੈ। ਦੂਜੇ ਪਾਸੇ 26 ਮਈ ਨੂੰ ਕਾਲਾ ਦਿਵਸ ਮਨਾਉਣ 'ਤੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਹ ਸੱਦਾ ਪੂਰੇ ਭਾਰਤ ਵਿੱਚ ਦਿੱਤਾ ਗਿਆ ਹੈ ਕਿ ਕਿਸਾਨ, ਦੁਕਾਨਦਾਰ, ਮੁਲਾਜਮ, ਆੜਤੀਏ, ਮੁਲਾਜਮ, ਮਜਦੂਰ ਅਤੇ ਦੇਸ਼ ਦਾ ਸਮੁੱਚਾ ਭਾਈਚਾਰਾ 26 ਮਈ ਨੂੰ ਕਾਲੇ ਦਿਵਸ 'ਚ ਵਧ-ਚੜ ਕੇ ਹਿੱਸਾ ਪਾਵੇ। ਇਸ ਮੌਕੇ ਬਲਵੰਤ ਸਿੰਘ ਬਹਿਰਾਮਕੇ, ਜਗਜੀਤ ਸਿੰਘ ਡੱਲੇਵਾਲ, ਸਤਨਾਮ ਸਿੰਘ ਅਜਨਾ-ਲਾ, ਜੰਗਬੀਰ ਸਿੰਘ ਚੌਹਾਨ, ਮੁਕੇਸ ਚੰਦਰ, ਮਨਜੀਤ ਸਿੰਘ ਰਾਏ, ਕੁਲਦੀਪ ਸਿੰਘ ਬਜੀਦਪੁਰ, ਲਖਵਿੰਦਰ ਸਿੰਘ ਖਾਲਸਾ, ਹਰਿੰਦਰ ਸਿੰਘ ਲੱਖੋਵਾਲ, ਮਨਜੀਤ ਸਿੰਘ ਧਨੇਰ, ਨਿਰਭੇਅ ਸਿੰਘ ਢੁੱਡੀਕੇ, ਕਿਸਾਨ ਆਗੂ ਹਾਜਰ ਸਨ

# ਥਾਣੇਦਾਰਾਂ ਦੇ ਕਤਲ ਮਾਮਲੇ 'ਚ ਗੈਂਗਸਟਰ ਜਸਪ੍ਰੀਤ ਦੀ ਪਤਨੀ ਗ੍ਰਿਫਤਾਰ, ਬਲਜਿੰਦਰ ਦੀ ਗਰਲਫ੍ਰੈਂਡ ਸਣੇ 5 ਨਾਮਜਦ




Jaipal Bhullar | Baljinder Singh | Jaspreet Singh | Darshan Singh

**ਚੰਡੀਗੜ (ਦੀਪਕ ਸ਼ਰਮਾ)** ਜਗਰਾਓਂ ਦੀ ਦਾਣਾ ਮੰਡੀ ਵਿਚ 5 ਦਿਨ ਪਹਿਲਾਂ 2 ਥਾਣੇਦਾਰਾਂ ਨੂੰ ਗੋਲੀ ਮਾਰ ਕੇ ਕਤਲ ਕਰਨ ਤੋਂ ਬਾਅਦ ਫਰਾਰ ਹੋਏ ਉਸ ਦੇ ਸਾਥੀ ਜਸਪ੍ਰੀਤ ਸਿੰਘ ਉਰਫ ਜੱਸੀ ਦੀ ਪਤਨੀ ਲਵਪ੍ਰੀਤ ਨੂੰ ਥਾਣਾ ਸੋਹਾਨਾ ਦੀ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਮੁਲਜਮ ਦੀ ਪਤਨੀ ਨੂੰ 5 ਦਿਨ ਦੇ ਪੁਲਸ ਰਿਮਾਂਡ 'ਤੇ ਵੀ ਲੈ ਲਿਆ ਹੈ। ਲਵਪ੍ਰੀਤ ਕੌਰ ਜਿਸ 'ਤੇ ਆਪਣੇ ਮੁਲਜਮ ਪਤੀ ਨੂੰ ਪਨਾਹ ਦੇਣ ਅਤੇ ਉਸ ਦੀ ਵਿੱਤੀ ਮਦਦ ਕਰਨ ਦਾ ਦੋਸ ਸੀ, ਨੂੰ ਹੁਣ ਪੁਲਸ ਵਲੋਂ ਲੋਕਾਂ ਨੂੰ ਵਿਦੇਸ ਭੇਜਣ ਦੇ ਨਾਂਅ 'ਤੇ ਠੱਗੀ ਮਾਰਨ ਦੀਆਂ ਧਾਰਾਵਾਂ ਤਹਿਤ ਵੀ ਨਾਮਜਦ ਕੀਤਾ ਹੈ।

ਲਵਪ੍ਰੀਤ ਕੋਲੋਂ ਜਾਅਲੀ ਆਧਾਰ ਕਾਰਡ ਜਿਸ 'ਚ ਜਸਪ੍ਰੀਤ ਸਿੰਘ ਜੱਸੀ ਦਾ ਵੀ ਜਾਅਲੀ ਆਧਾਰ ਕਾਰਡ ਸਾਮਲ ਹੈ ਸਮੇਤ, ਜਾਅਲੀ ਮੋਹਰਾਂ, ਲੈਟਰ ਪੈਡ ਅਤੇ ਵੋਟਰ ਕਾਰਡ ਬਰਾਮਦ ਹੋਏ ਹਨ। ਪੁਲਸ ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਲਵਪ੍ਰੀਤ ਕੌਰ ਨੂੰ ਵਿਦੇਸ 'ਚੋਂ ਕਰੀਬ ਸਵਾ ਕਰੋੜ ਰੁਪਏ ਦੀ ਫੰਡਿੰਗ ਹੋਈ ਹੈ, ਜਿਸ ਸਬੰਧੀ ਪੁਲਸ ਜਾਂਚ ਕਰ ਰਹੀ ਹੈ ਕਿ ਇਹ ਪੈਸਾ ਕਿਸ ਮਕਸਦ ਨਾਲ ਵਿਦੇਸ ਤੋਂ ਆਇਆ ਸੀ ਅਤੇ ਕਿਥੇ ਖਰਚ ਕੀਤਾ ਗਿਆ ਹੈ। ਲਵਪ੍ਰੀਤ ਇਕੱਲੀ ਹੀ ਪੂਰਵਾ ਅਪਾਰਟਮੈਂਟ ਦੇ ਫਲੈਟ ਵਿਚ ਰਹਿੰਦੀ ਸੀ। ਜੱਸੀ ਇਸ ਨੂੰ ਇਥੇ ਹੀ ਮਿਲਦਾ ਸੀ।

ਇਸ ਕਤਲ ਕਾਂਡ ਵਿਚ ਗੈਂਗਸਟਰ ਜੈਪਾਲ ਭੁੱਲਰ ਦਾ ਪਤਾ ਲਗਾਉਣ ਲਈ ਜੇਲ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦੇ ਗਏ ਗਗਨ ਤੋਂ ਪੁੱਛਗਿੱਛ ਤੋਂ ਬਾਅਦ ਓਕੂ ਦੀ ਟੀਮ ਨੇ ਰਾਜਸਥਾਨ ਅਤੇ ਯੂ.ਪੀ. ਦੇ 9 ਪਿੰਡਾਂ ਵਿਚ ਸਰਚ ਕੀਤੀ। ਪੁਲਸ ਨੇ ਰਸ਼ਨ ਦੀ ਪਤਨੀ, ਕੈਂਟਰ ਮਾਲਕ ਗੁਰਮੀਤ ਸਿੰਘ ਅਤੇ ਉਸ ਦੀ ਪਤਨੀ, ਬਲਜਿੰਦਰ ਦੀ ਗਰਲਫ੍ਰੈਂਡ ਨੂੰ ਨਾਮਜਦ ਕੀਤਾ ਹੈ।

# ਅਸ਼ੋਕ ਕੁਮਾਰ ਮੌਂਗਾ ਸ਼ਹਿਰੀ ਸਕੱਤਰ ਨਿਯੁਕਤ

**ਕੋਟਕਪੂਰਾ।** ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ ਲਈ ਯਤਨਸ਼ੀਲ ਸੰਸਥਾ ਆਰ.ਟੀ.ਆਈ. ਐਂਡ ਹਿਊਮਨ ਰਾਈਟਸ ਦੇ ਰਾਸ਼ਟਰੀ ਪ੍ਰਧਾਨ ਸੁਨੀਸ਼ ਨਾਰੰਗ ਨੇ ਜਿਲਾ ਚੇਅਰਮੈਨ ਬਲਜਿੰਦਰ ਸਿੰਘ ਬਬਲੂ (ਟਰਾਂਸਪੋਰਟ ਸੈੱਲ) ਅਤੇ ਮੈਂਬਰ ਪਵਨੇਸ਼ ਛਾਬੜਾ ਦੀ ਸਿਫਾਰਸ਼ 'ਤੇ ਅਸ਼ੋਕ ਕੁਮਾਰ ਮੌਂਗਾ ਨੂੰ ਬਲਾਕ ਕੋਟਕਪੂਰਾ ਦਾ ਸ਼ਹਿਰੀ ਸਕੱਤਰ ਨਿਯੁਕਤ ਕੀਤਾ ਹੈ। ਉਸਨੂੰ ਨਿਯੁਕਤੀ ਪੱਤਰ ਦੇਣ ਲਈ ਪੁੱਜੇ ਸੁਨੀਸ਼ ਨਾਰੰਗ, ਬਲਜਿੰਦਰ ਸਿੰਘ ਬਬਲੂ ਅਤੇ ਪਵਨੇਸ਼ ਛਾਬੜਾ ਨੂੰ ਅਸ਼ੋਕ ਕੁਮਾਰ ਮੌਂਗਾ ਨੇ ਦੱਸਿਆ ਕਿ ਉਹ ਪਿਛਲੇ ਕਈ ਸਾਲਾਂ ਤੋਂ ਆਰ.ਟੀ.ਆਈ. ਐਂਡ ਹਿਊਮਨ ਰਾਈਟਸ ਦੇ ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ ਨੂੰ ਦੇਖ ਕੇ ਐਨਾ ਪ੍ਰਭਾਵਿਤ ਹੋਇਆ ਕਿ ਉਕਤ ਨੇਕ ਕੰਮ ਲਈ ਸੰਸਥਾ ਦਾ ਮੈਂਬਰ ਬਣਨ ਦੀ ਮਨ ਵਿੱਚ ਲਾਲਸਾ ਉੱਠੀ। ਉਨਾਂ ਦੱਸਿਆ ਕਿ ਜਿਸ ਤਰਾਂ ਪੰਜਾਬ ਭਰ ਦੇ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿੱਚ ਪੱਤਰਕਾਰਾਂ, ਪੁਲਿਸ ਕਰਮੀਆਂ ਅਤੇ ਹੋਰ ਸੰਸਥਾਵਾਂ ਵਲੋਂ ਲੋੜਵੰਦਾਂ ਦੀ ਮੱਦਦ ਕੀਤੀ ਜਾ ਰਹੀ ਹੈ, ਉਸੇ ਤਰਜ 'ਤੇ ਆਰ.ਟੀ.ਆਈ. ਐਂਡ ਹਿਊਮਨ ਰਾਈਟਸ ਵਲੋਂ ਵੀ ਸੇਵਾਵਾਂ ਜਾਰੀ ਰਹਿਣਗੀਆਂ।

